ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2448 | 28 April, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਅਮਰੀਕਾ ਦੇ ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦਾ ਫੈਸਲਾ!

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦੀ ਖ਼ਬਰ ਨੇ ਅਮਰੀਕਾ ਦੇ ਵਿਗਿਆਨਕ, ਸਿੱਖਿਅਕ ਅਤੇ ਰਾਜਨੀਤਿਕ ਮੰਡਲਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਬੋਰਡ ਅਮਰੀਕਾ ਦੀ ਵਿਗਿਆਨਕ ਨੀਤੀ ਬਣਾਉਣ, ਖੋਜ ਪ੍ਰੋਜੈਕਟਾਂ ਨੂੰ ਦਿਸ਼ਾ ਦੇਣ ਅਤੇ ਭਵਿੱਖ ਦੀ ਤਕਨਾਲੋਜੀਕ ਤਰੱਕੀ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਲਈ ਬੋਰਡ ਦੇ ਮੈਂਬਰਾਂ ਨੂੰ ਅਚਾਨਕ ਹਟਾਉਣ ਦੇ ਫੈਸਲੇ ਨੂੰ ਸਾਧਾਰਣ ਪ੍ਰਸ਼ਾਸਕੀ ਕਦਮ ਨਹੀਂ, ਸਗੋਂ ਵੱਡੇ ਨੀਤੀਗਤ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

ਨੈਸ਼ਨਲ ਸਾਇੰਸ ਬੋਰਡ ਇੱਕ ਸੁਤੰਤਰ ਸੰਸਥਾ ਹੈ, ਜੋ ਨੈਸ਼ਨਲ ਸਾਇੰਸ ਫਾਊਂਡੇਸ਼ਨ ਦੀ ਨਿਗਰਾਨੀ ਵੀ ਕਰਦੀ ਹੈ। ਇਹ ਬੋਰਡ ਦੇਸ਼ ਭਰ ਵਿਚ ਹੋ ਰਹੀਆਂ ਵਿਗਿਆਨਕ ਖੋਜਾਂ, ਯੂਨੀਵਰਸਿਟੀਆਂ ਨੂੰ ਮਿਲਣ ਵਾਲੇ ਗ੍ਰਾਂਟਾਂ, ਨਵੀਆਂ ਲੈਬੋਰਟਰੀਆਂ, ਇੰਜੀਨੀਅਰਿੰਗ ਪ੍ਰੋਜੈਕਟਾਂ ਅਤੇ ਵਿਦਿਆਰਥੀਆਂ ਲਈ ਸਾਇੰਸ ਸਿੱਖਿਆ ਦੇ ਮਾਪਦੰਡਾਂ 'ਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਅਮਰੀਕਾ ਦੀਆਂ ਕਈ ਵੱਡੀਆਂ ਖੋਜ ਯੋਜਨਾਵਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਬੋਰਡ ਦੀ ਸਿਫਾਰਸ਼ਾਂ ਨਾਲ ਮਦਦ ਮਿਲਦੀ ਰਹੀ ਹੈ।

ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਵਿਗਿਆਨਕ ਸੰਸਥਾਵਾਂ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਚਾਹੀਦਾ ਹੈ। ਉਹ ਮੰਨਦੇ ਹਨ ਕਿ ਜੇਕਰ ਵਿਗਿਆਨਕ ਬੋਰਡਾਂ ਵਿਚ ਸਿਰਫ ਰਾਜਨੀਤਿਕ ਨਿਯੁਕਤੀਆਂ ਹੋਣਗੀਆਂ, ਤਾਂ ਖੋਜ ਦੀ ਸੁਤੰਤਰਤਾ, ਡਾਟਾ ਦੀ ਨਿਰਪੱਖਤਾ ਅਤੇ ਲੰਬੇ ਸਮੇਂ ਦੀ ਯੋਜਨਾ ਪ੍ਰਭਾਵਿਤ ਹੋ ਸਕਦੀ ਹੈ। ਕਈ ਸਾਬਕਾ ਅਧਿਕਾਰੀਆਂ ਅਤੇ ਸਿੱਖਿਆ ਮਾਹਿਰਾਂ ਨੇ ਚਿੰਤਾ ਜਤਾਈ ਹੈ ਕਿ ਇਸ ਨਾਲ ਵਿਗਿਆਨਕ ਫੈਸਲਿਆਂ 'ਤੇ ਰਾਜਨੀਤਿਕ ਦਬਾਅ ਵਧ ਸਕਦਾ ਹੈ।

ਇਸ ਫੈਸਲੇ ਦਾ ਅਸਰ ਕਈ ਖੇਤਰਾਂ 'ਤੇ ਪੈ ਸਕਦਾ ਹੈ।



ਅਮਰੀਕਾ ਵਿਚ ਆਰਟੀਫੀਸ਼ਲ ਇੰਟੈਲੀਜੈਂਸ, ਸਿਹਤ ਖੋਜ, ਕਲਾਈਮਟ ਸਾਇੰਸ, ਸਪੇਸ ਰਿਸਰਚ, ਡਿਫੈਂਸ ਟੈਕਨਾਲੋਜੀ ਅਤੇ ਸਾਇਬਰ ਸੁਰੱਖਿਆ ਵਰਗੇ ਖੇਤਰਾਂ ਵਿਚ ਵੱਡੇ ਪੱਧਰ 'ਤੇ ਸਰਕਾਰੀ ਫੰਡਿੰਗ ਹੁੰਦੀ ਹੈ। ਜੇਕਰ ਨਵਾਂ ਬੋਰਡ ਨਵੀਆਂ ਤਰਜੀਹਾਂ ਲਿਆਉਂਦਾ ਹੈ, ਤਾਂ ਫੰਡਿੰਗ ਦੇ ਰੁਖ ਵਿਚ ਵੀ ਬਦਲਾਅ ਆ ਸਕਦਾ ਹੈ। ਵਿਦਿਆਰਥੀਆਂ, ਯੂਨੀਵਰਸਿਟੀਆਂ ਅਤੇ ਖੋਜਕਾਰਾਂ ਲਈ ਵੀ ਇਹ ਮਾਮਲਾ ਮਹੱਤਵਪੂਰਨ ਹੈ, ਕਿਉਂਕਿ ਨੈਸ਼ਨਲ ਸਾਇੰਸ ਫਾਊਂਡੇਸ਼ਨ ਵੱਲੋਂ ਮਿਲਣ ਵਾਲੀਆਂ ਗ੍ਰਾਂਟਾਂ ਅਕਸਰ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਹਜ਼ਾਰਾਂ ਪ੍ਰੋਜੈਕਟਾਂ ਨੂੰ ਸਹਾਰਾ ਦਿੰਦੀਆਂ ਹਨ। ਜੇਕਰ ਬੋਰਡ ਦੀ ਦਿਸ਼ਾ ਬਦਲਦੀ ਹੈ, ਤਾਂ ਖੋਜ ਪ੍ਰਾਥਮਿਕਤਾਵਾਂ ਵੀ ਬਦਲ ਸਕਦੀਆਂ ਹਨ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਕਦਮ ਟਰੰਪ ਸਰਕਾਰ ਦੀ ਵੱਡੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ, ਜਿਸ ਤਹਿਤ ਵੱਖ-ਵੱਖ ਫੈਡਰਲ ਏਜੰਸੀਆਂ ਅਤੇ ਬੋਰਡਾਂ ਵਿਚ ਆਪਣੇ ਵਿਚਾਰਾਂ ਨਾਲ ਸਹਿਮਤ ਲੋਕਾਂ ਨੂੰ ਲਿਆਂਦਾ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿਚ ਇਹ ਵੀ ਦੇਖਣਾ ਹੋਵੇਗਾ ਕਿ ਨਵੇਂ ਮੈਂਬਰ ਕੌਣ ਨਿਯੁਕਤ ਹੁੰਦੇ ਹਨ ਅਤੇ ਉਹ ਅਮਰੀਕਾ ਦੀ ਵਿਗਿਆਨਕ ਨੀਤੀ ਨੂੰ ਕਿਧਰ ਲੈ ਜਾਂਦੇ ਹਨ।

# ਈਰਾਨ ਵੱਲੋਂ 'ਹੋਰਮੁਜ਼ ਜਲਡਮਰੂ' ਮੁੜ ਖੋਲ੍ਹਣ ਦੀ ਪੇਸ਼ਕਸ਼

**ਤਹਿਰਾਨ ਸਾਂਝੀ ਸੋਚ ਬਿਊਰੋ**

ਈਰਾਨ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡੀ ਪਹਿਲਕਦਮੀ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਈਰਾਨ ਨੇ ਅਮਰੀਕਾ ਨੂੰ ਇੱਕ ਨਵਾਂ ਪ੍ਰਸਤਾਵ ਭੇਜਿਆ ਹੈ, ਜਿਸ ਵਿਚ ਜੰਗ ਨੂੰ ਖ਼ਤਮ ਕਰਨ ਅਤੇ ਰਣਨੀਤਕ ਤੌਰ 'ਤੇ ਅਹਿਮ 'ਹੋਰਮੁਜ਼ ਜਲਡਮਰੂ' ਨੂੰ ਮੁੜ ਖੋਲ੍ਹਣ ਦੀ ਪੇਸ਼ਕਸ਼ ਕੀਤੀ ਗਈ ਹੈ। ਰਿਪੋਰਟਾਂ ਮੁਤਾਬਕ ਈਰਾਨ ਨੇ ਇਹ ਪ੍ਰਸਤਾਵ ਸਿੱਧਾ ਅਮਰੀਕਾ ਨੂੰ ਦੇਣ ਦੀ ਬਜਾਏ ਪਾਕਿਸਤਾਨੀ ਵਿਚੋਲਿਆਂ ਦਾ ਸਹਾਰਾ ਲਿਆ ਹੈ। ਐਕਸੀਓਸ ਵੱਲੋਂ ਐਤਵਾਰ ਨੂੰ ਦਿੱਤੀ ਗਈ ਰਿਪੋਰਟ ਵਿਚ ਇੱਕ ਅਮਰੀਕੀ ਅਧਿਕਾਰੀ ਅਤੇ ਮਾਮਲੇ ਨਾਲ ਜੁੜੇ ਸੂਤਰਾਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਹੈ।

ਇਸ ਪ੍ਰਸਤਾਵ ਦਾ ਇੱਕ ਅਹਿਮ ਪਹਿਲੂ ਇਹ ਹੈ ਕਿ ਈਰਾਨ ਨੇ ਪ੍ਰਮਾਣੂ ਗੱਲਬਾਤ ਨੂੰ ਫਿਲਹਾਲ ਬਾਅਦ ਦੇ ਪੜਾਅ ਲਈ ਟਾਲਣ ਦਾ ਸੁਝਾਅ ਦਿੱਤਾ ਹੈ। ਈਰਾਨ ਦਾ ਮੌਜੂਦਾ ਧਿਆਨ ਤੁਰੰਤ ਜੰਗਬੰਦੀ ਅਤੇ ਸਮੁੰਦਰੀ ਰਸਤੇ ਨੂੰ ਖੋਲ੍ਹਣ 'ਤੇ ਕੇਂਦਰਿਤ ਨਜ਼ਰ ਆ ਰਿਹਾ ਹੈ। ਦੱਸਣਯੋਗ ਹੈ ਕਿ ਹੋਰਮੁਜ਼ ਜਲਡਮਰੂ ਵਿਸ਼ਵ ਪੱਧਰ 'ਤੇ ਵਪਾਰ ਅਤੇ ਤੇਲ ਦੀ ਸਪਲਾਈ ਲਈ ਬਹੁਤ ਮਹੱਤਵਪੂਰਨ ਹੈ। ਈਰਾਨ ਦੀ ਇਸ ਪੇਸ਼ਕਸ਼ ਨਾਲ ਖੇਤਰ ਵਿਚ ਤਣਾਅ ਘਟਣ ਦੀ ਉਮੀਦ ਜਗੀ ਹੈ। ਫਿਲਹਾਲ ਅਮਰੀਕਾ ਵੱਲੋਂ ਇਸ ਪ੍ਰਸਤਾਵ 'ਤੇ ਕਿਸੇ ਅਧਿਕਾਰਤ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਇਹ ਪ੍ਰਸਤਾਵ ਈਰਾਨੀ ਲੀਡਰਸ਼ਿਪ ਅੰਦਰ ਚੱਲ ਰਹੇ ਮਤਭੇਦਾਂ ਨੂੰ ਦੂਰ ਕਰਕੇ ਗੱਲਬਾਤ ਨੂੰ ਅੱਗੇ ਵਧਾਉਣ ਲਈ ਪੇਸ਼ ਕੀਤਾ ਗਿਆ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਪ੍ਰਮਾਣੂ ਰਿਆਇਤਾਂ ਬਾਰੇ ਈਰਾਨੀ ਲੀਡਰਸ਼ਿਪ ਅੰਦਰ ਕੋਈ ਸਹਿਮਤੀ ਨਹੀਂ ਹੈ। ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਸੰਕੇਤ ਦਿੱਤਾ ਹੈ ਕਿ ਯੂਰੇਨੀਅਮ ਸੰਸ਼ੋਧਨ ਦੀਆਂ ਸੀਮਾਵਾਂ ਅਤੇ ਸੰਸ਼ੋਧਿਤ ਯੂਰੇਨੀਅਮ ਦੇ ਭੰਡਾਰਾਂ ਨੂੰ ਹਟਾਉਣ ਬਾਰੇ ਨੇਤਾ ਵੱਖੋ-ਵੱਖਰੇ ਵਿਚਾਰ ਰੱਖਦੇ ਹਨ। ਇਸੇ ਕਾਰਨ ਕਰਕੇ ਈਰਾਨ ਵਰਤਮਾਨ ਵਿਚ ਪ੍ਰਮਾਣੂ ਮਾਮਲਿਆਂ 'ਤੇ ਫੈਸਲੇ ਟਾਲਦੇ ਹੋਏ ਆਰਥਿਕ ਰਾਹਤ ਦੀ ਮੰਗ ਕਰਦਾ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ।ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਔਰਤਾਂ ਦੇ ਰੀਜਰਵੇਸ਼ਨ ਬਿੱਲ ਤੇ ਪਾਰਲੀਮੈਂਟ ਵਿੱਚ ਸ੍ਰੀ ਨਰਿੰਦਰ ਮੋਦੀ ਸਰਕਾਰ ਦੀ ਨਮੋਸ਼ੀਜਨਕ ਹਾਰ ਦਾ ਕਾਰਨ, ਅੰਧ ਭਗਤਾਂ ਦਾ ਭਾਜਪਾ ਤੋਂ ਮੂੰਹ ਮੋੜਨਾ ਸਪਸ਼ਟ !!




2014 ਤੋਂ ਭਾਰਤੀ ਜੰਨਤਾ ਪਾਰਟੀ (ਭਾਜਪਾ) ਦੀ ਸਰਕਾਰ ਜਿਸ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਹਨ ਰਾਜ ਕਰਦੇ ਆ ਰਹੇ ਹਨ। ਲੋਕਾਂ ਨੂੰ ਇਸ ਭਾਜਪਾ ਸਰਕਾਰ ਤੋਂ ਬੜੀ ਆਸ ਸੀ ਕਿ ਇਹ ਸਰਕਾਰ ਕਾਂਗਰਸ ਤੋਂ ਕੁਝ ਸਬਕ ਸਿੱਖਦੀ ਹੋਈ ,ਦੇਸ਼ ਦੇ ਲੋਕਾਂ ਦੀ ਹਾਲਤ ਨੂੰ ਸੁਧਾਰੇਗੀ।ਉਸ ਵੇਲੇ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਆਗੂ ਜਿਹੜੇ ਹੁਣ ਤਕ ਦੇਸ਼ ਦੇ ਪ੍ਰਧਾਨ ਮੰਤਰੀ ਚਲੇ ਆ ਰਹੇ ਹਨ ।ਇਨਾਂ ਨੇ ਉਦੋਂ ਭਾਵ ਅੱਜ ਤੋਂ 11-12 ਵਰ੍ਹੇ ਪਹਿਲਾਂ ਚੋਣ ਜਲਸਿਆਂ ਵਿੱਚ ਬੜੀਆਂ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ ਸਨ ਜਿਵੇਂ ਕਿ "ਨਾ ਆਪ ਖਾਊਂਗਾ ਨਾ ਕਿਸੇ ਖਾਣੇ ਦੂੰਗਾ," ,ਹਰ ਸਾਲ ਨੌਜੁਆਨਾਂ ਨੂੰ ਦੋ ਕਰੌੜ ਰੁਜਗਾਰ ਦਿੱਤੇ ਜਾਣਗੇ , ਬਿਦੇਸ਼ਾਂ ਤੋਂ ਕਾਲਾ ਧੰਨ ਲਿਆ ਕੇ ਹਰੇਕ ਪੰਜ ਜਣਿਆਂ ਦੇ ਪ੍ਰੀਵਾਰ ਵਿੱਚ 15-15 ਲੱਖ ਰੁਪਏ ਉਨਾਂ ਦੇ ਬੈਂਕ ਖਾਤਿਆਂ ਵਿੱਚ ਪਾਏ ਜਾਣਗੇ ਵਗੈਰਾ ਵਗੈਰਾ।ਮੈਨੂੰ ਭਾਜਪਾ ਆਗੂ ਸ੍ਰੀ ਨਰਿੰਦਰ ਮੋਦੀ ਵਲੋਂ ਹੋਰ ਬਹੁਤ ਸਾਰੀਆਂ ਲੋਕਾਂ ਕੋਲ ਕੀਤੇ ਵਾਅਦੇ ਦੇ ਰੂਪ ਵਿੱਚ ਮਾਰੀਆਂ ਵੱਡੀਆਂ ਵੱਡੀਆਂ ਗੱਪਾਂ ਦੱਸਣ ਦੀ ਜਰੂਰਤ ਨਹੀਂ ਉਨਾਂ ਨੂੰ ਲੋਕ ਬੜੀ ਭਲੀਭਾਂਤ ਜਾਣਦੇ ਹਨ।ਦੇਸ਼ ਦੇ ਲੋਕਾਂ ਨੂੰ ਇਹ ਵੀ ਪਤਾ ਹੈ ਦੇਸ਼ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ 15-15 ਲੱਖ ਰੁਪਏ ਬੈਂਕਾਂ ਦੇ ਖਾਤੇ ਵਿੱਚ ਪਾਉਣ ਨੂੰ 'ਚੁਣਾਵੀ ਜੁੱਮਲਾ' ਦੱਸ ਕੇ ਉਸ ਤੋਂ ਸਾਫ ਹੀ ਮੁੱਕਰ ਗਏ ਸਨ ।ਜਦੋਂ ਕਿ ਹਕੀਕਤ ਇਹ ਹੈ ਕਿ ਦੇਸ਼ ਦੇ ਲੋਕ ਇਹ ਪੂਰੀ ਤਰ੍ਹਾਂ ਜਾਣ ਗਏ ਹਨ ਕਿ ਭਾਜਪਾ ਵਲੋਂ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦੇ ਸਾਰੇ ਦੇ ਸਾਰੇ ਹੀ ਜੁੱਮਲੇ ਸਾਬਤ ਹੋ ਰਹੇ ਹਨ।ਇਸ ਸਰਕਾਰ ਨੇ ਲੋਕਾਂ ਨਾਲ ਵਾਅਦੇ ਤਾਂ ਕੁਝ ਕੀਤੇ ਸਨ ਪਰ ਕਰਨਾ ਕੁਝ ਹੋਰ ਹੀ ਸ਼ੁਰੂ ਕਰ ਦਿੱਤਾ ਕਿ "ਹਿੰਦੂ ਮੁਸਲਿਮ" ਕਰ ਕਰ ਕੇ ਮੁਸਲਮਾਨਾਂ ਤੇ ਹੁਣ ਤਕ ਜੋ ਜੋ ਜੁਲਮ ਕਰਦੇ ਹਨ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ।

ਇਹ ਜੋਰ ਜਬਰ ਹਾਲੇ ਵੀ ਹੱਟਣ ਦਾ ਨਾਂ ਨਹੀਂ ਲੈ ਰਹੀ ਇਸ ਨੂੰ ਵੀ ਬਿਆਨਣ ਦੀ ਜਰੂਰਤ ਨਹੀਂ।ਦੇਸ਼ ਦੇ ਲੋਕਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਇਹ ਤਾਂ ਦੇਸ਼ ਨੂੰ "ਹਿੰਦੂ ਰਾਸ਼ਟਰ" ਬਣਾ ਕੇ ਕੱਟੜ ਕਿਸਮ ਦੇ ਲੋਕਾਂ ਦਾ ਹਿੰਦੂ ਰਾਜ ਸਥਾਪਤ ਕਰਨਾ ਚਾਹੁੰਦੇ ਹਨ ।ਜਿਸ ਵਿੱਚ ਇਸ ਧਰਮ ਦੇ ਲੋਕਾਂ ਤੋਂ ਬਿਨਾ ਹੋਰ ਕਿਸੇ ਧਰਮ ,ਜਾਤ ਵਿਸ਼ੇਸ਼ ਕਰਕੇ ਦਲਿੱਤਾਂ ਲਈ ਕੋਈ ਥਾਂ ਨਹੀਂ ਹੋਵੇਗੀ ।ਇਹੋ ਜਿਹੀ ਸੋਚ ਰੱਖਣ ਵਾਲੇ ਇਸਤਰੀਆਂ ਪ੍ਰਤੀ ਕਿਸ ਤਰਾਂ ਦੀ ਸੋਚ ਰੱਖਦੇ ਹੋਣਗੇ ਉਸ ਦਾ ਹੀਜ ਪਿਆਜ 'ਔਰਤ ਰੀਜਰਵੇਸ਼ਨ ਬਿੱਲ'ਵਿੱਚ ਮਿਲੀ ਵੱਡੀ ਹਾਰ ਤੋਂ ਭਾਜਪਾ ਵਾਲਿਆਂ ਨੂੰ ਸਪਸ਼ਟ ਲਗ ਗਿਆ ਹੈ ਕਿ ਹੁਣ ਮੋਦੀ ਦੇ ਅੰਧ ਭਗਤਾਂ ਨੇ ਵੀ ਭਾਜਪਾ ਸਰਕਾਰ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ।ਅੰਧ ਭਗਤ ਇਹ ਸਮਝ ਗਏ ਹਨ ਕਿ ਭਾਜਪਾ ਸਰਕਾਰ ਅਸਲ ਵਿੱਚ ਔਰਤਾਂ ਨੂੰ ਸਹੀ ਮਾਅਨਿਆਂ ਵਿੱਚ ਰੀਜਰਵੇਸ਼ਨ ਹੀ ਨਹੀਂ ਦੇਣਾ ਚਾਹੁੰਦੀ ।ਦੇਸ਼ ਦੇ ਲੋਕ ਤਾਂ ਇਹ ਵੀ ਸਮਝਣ ਲਗ ਪਏ ਹਨ ਇਨਾਂ ਦੀ ਸੋਚ ਦਾ ਅਧਾਰ 'ਮੰਨੂ ਸਿਮਰਤੀ' ਵਾਲਾ ਪ੍ਰਤੀਤ ਹੋ ਰਿਹਾ ਹੈ ।ਇਸ ਤੋਂ ਤੁਸੀ ਖੁਦ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਜਿਹੜੇ ਖੁਦ ਹੀ ਇਸਤਰੀ ਦੀ ਪੜਾਅ ਪੜਾਅ ਤੇ ਨਿੰਦਾ ਕਰਨ ਦੇ ਨਾਲ ਹੀਣ ਭਾਵਨਾ ਨਾਲ ਵੇਖਣ ਵਾਲੇ ਹੋਣ ।ਮੈਨੂੰ ਉਹ ਸ਼ਬਦ ਬੋਲਣ ਵਿੱਚ ਸ਼ਰਮ ਆ ਰਹੀ ਲਿਖਣੀ ਤਾਂ ਦੂਰ ਦੀ ਗੱਲ ਹੈ ।ਉਨਾਂ ਕੋਲੋਂ ਇਸਤਰੀਆਂ ਬਾਰੇ ਅਜਿਹੀ ਆਸ ਕਰਨੀ ਸਿਵਾਏ ਮੂਰਖਤਾ ਤੋਂ ਵੱਧ ਹੋਰ ਕੁਝ ਨਹੀਂ ਸਮਝੀ ਜਾ ਸਕਦੀ । ਹਕੀਕਤ ਤਾਂ ਇਹ ਹੈ ਕਿ ਔਰਤਾਂ ਸਬੰਧੀ ਜਦੋਂ ਪਹਿਲਾਂ ਹੀ ਲੋਕ ਸਭਾ ਤੇ ਰਾਜ ਸਭਾ ਪੂਰਨ ਬਹੁ ਮੱਤ ਨਾਲ ਬਿੱਲ ਪਾਸ ਕਰ ਚੁੱਕੀ ਹੋਵੇ ਤਾਂ ਫਿਰ ਹੁਣ ਇਸੀ ਤਰਜ ਦਾ ਹੋਰ ਬਿੱਲ ਪਾਸ ਕਰਨ ਦੀ ਕੀ ਜਰੂਰਤ ਸੀ? ਦੇਸ਼ ਦੇ ਲੋਕ ਜਾਣ ਗਏ ਹਨ ਕਿ ਭਾਜਪਾ ਸਰਕਾਰ ਨੂੰ ਔਰਤ ਰੀਜਰਵੇਸ਼ਨ ਬਿੱਲ ਦੇ ਹੱਕ ਵਿੱਚ ਸਿਰਫ 298 ਵੋਟਾਂ ਹੀ ਮਿਲੀਆਂ ਹਨ ਜਦੋਂ ਕਿ ਲੌੜੀਂਦੀਆਂ ਦੋ ਤਿਹਾਈ 350 ਬਣਦੀਆਂ ਸਨ ਅਤੇ ਵਿਰੋਧ ਵਿੱਚ 230 ਵੋਟਾਂ ਮਿਲੀਆਂ ਹਨ।ਭਾਜਪਾ ਸਰਕਾਰ ਨੂੰ ਲੌੜੀਂਦੀਆਂ ਵੋਟਾਂ ਨਾ ਮਿਲਣੀਆਂ ਇਹ ਸਾਬਿਤ ਕਰਦਾ ਹੈ ਕਿ ਮੋਦੀ ਤੇ ਭਾਜਪਾ ਦੇ ਅੰਧ ਭਗਤ ਜਿਹੜੇ ਹਰ ਸਮੇਂ ਇਨਾਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹੇ ਹਨ ਉਨਾਂ ਨੂੰ ਇਨਾਂ ਦਾ ਬਨਾਵਟੀ ਚਿਹਰਾ ਨਜਰ ਆਉਣ ਲਗ ਪਿਆ ਹੈ ।ਲੋਕਾਂ ਨੂੰ ਗੁੰਮਰਾਹ ਕਰਨ ਲਈ ਮੋਦੀ ਸਰਕਾਰ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਔਰਤਾਂ ਨੂੰ 33% ਦੀ ਰੀਜਰਵੇਸ਼ਨ ਦੇਸ਼ ਦੀ ਸੋਲਵੀਂ ਜਨ ਗੰਣਨਾ ਜਿਹੜੀ ਅਪਰੈਲ ਤੋਂ ਸਤੰਬਰ ਤਕ ਦੀ ਘਰਾਂ ਦੀ ਕੀਤੀ ਜਾ ਰਹੀ ਹੈ ਦੀ ਬਣਨ ਵਾਲੀ ਲਿਸਟ ਦੇ ਅਧਾਰ ਤੇ 16ਵੀਂ ਜਨ ਗੰਣਨਾ 2027 ਵਿੱਚ ਮੁਕੰਮਲ ਹੋਣੀ ਹੈ ਉਸ ਜਨ ਗੰਣਨਾ ਉਪਰੰਤ ਹਰੇਕ ਪ੍ਰਾਂਤ ਦੀਆਂ ਲੋਕ ਸਭਾ ਦੀਆਂ ਸੀਟਾਂ ਵਧਾ ਕੇ ਦਿੱਤੀ ਜਾਵੇਗੀ।

ਜਦੋਂ ਕਿ ਲੋਕ ਸਭਾ ਮੈਂਬਰਾਂ ਦਾ ਕਹਿਣਾ ਹੈ ਕਿ ਜਦੋਂ ਔਰਤਾਂ ਨੂੰ 33% ਰੀਜਰਵੇਸ਼ਨ ਦੇਣ ਦਾ ਬਿੱਲ ਸਰਬ ਸੰਮਤੀ ਨਾਲ ਪਾਸ ਕੀਤਾ ਜਾ ਚੁੱਕਾ ਹੈ ਤਾਂ ਸਰਕਾਰ ਉਸ ਮੁਤਾਬਿਕ ਕਿਉਂ ਨਹੀਂ ਉਨਾਂ ਨੂੰ ਰੀਜਰਵੇਸ਼ਨ ਦੇ ਰਹੀ ।ਅੱਜ ਕਲ ਇਸ ਵਿਸ਼ੇ ਤੇ ਲੋਕ ਸਭਾ ਵਿੱਚ ਖੂਬ ਚਰਚਾ ਹੋ ਰਹੀ ਹੈ ਅਤੇ ਸਰਕਾਰ ਪੂਰੀ ਤਰ੍ਹਾਂ ਘਿਰੀ ਹੋਈ ਹੈ। ਉਸ ਨੂੰ ਕੋਈ ਯੋਗ ਜੁਆਬ ਨਹੀਂ ਸੁੱਝ ਰਿਹਾ ।ਅਸਲ ਵਿੱਚ ਮੋਦੀ ਦੀ ਭਾਜਪਾ ਸਰਕਾਰ ਪ੍ਰਾਂਤਾਂ ਦੀਆਂ ਸੀਟਾਂ ਵਧਾ ਕੇ ਜਿਵੇਂ ਉਸ ਦੀ ਸੋਚ ਹੈ ਕਿ ਹੋਰ ਪ੍ਰਾਂਤਾਂ ਵਾਂਗ ਉਤਰ ਪ੍ਰਦੇਸ਼ ਦੀਆਂ 80 ਦੀ ਥਾਂ ਤੇ 120 ਸੀਟਾਂ ਕਰ ਦਿੱਤੀਆਂ ਜਾਣ ਤੇ ਲੋਕ ਸਭਾ ਦੀਆਂ 543 ਦੀਆਂ ਥਾਂ ਤੇ 850 ਸੀਟਾਂ ਕਰ ਦਿੱਤੀਆਂ ਜਾਣ।ਇਸ ਤਰਾਂ ਕਰਨ ਨਾਲ ਉਨਾਂ ਨੂੰ ਗਿਣਤੀ ਦੇ ਕੁਝ ਪ੍ਰਾਂਤਾਂ ਜਿਥੇ ਲੋਕ ਸਭਾ ਸੀਟਾਂ ਜਿਆਦਾ ਹੋਣ ਉਨਾਂ ਰਾਜਾਂ ਵਿੱਚ ਹਰ ਹਰਬਾ ਖਰਬਾ ਵਰਤ ਕੇ ਜਿੱਤ ਪਰਾਪਤ ਕਰਕੇ ਕੇਂਦਰ ਦੀ ਗੱਦੀ ਹਾਸਲ ਕਰ ਲਈ ਜਾਵੇ। ਵਿਰੋਧੀ ਧਿਰ ਨੂੰ ਕਦੇ ਵੀ ਮੌਕਾ ਨਾ ਮਿਲ ਸਕੇ।ਦੇਸ਼ ਦੇ ਲੋਕ ਦੇਖ ਚੁੱਕੇ ਹਨ ਕਿ ਬਿਹਾਰ ਦੀ ਗੱਦੀ ਹਾਸਲ ਕਰਨ ਲਈ ਕਿਹੜੀ ਕੋਹਝੀ ਚਾਲ ਚਲੀ ਗਈ ਸੀ,ਪੈਸੇ ਨਾਲ ਸਭ ਕੁਝ ਸੰਭਵ ਹੈ।ਗਰੀਬਾਂ ਦੀ ਗਰੀਬੀ ਦਾ ਨਜਾਇਜ ਲਾਭ ਲੈ ਕੇ ਬਿਹਾਰ ਵਿੱਚ ਚਲਾਇਆ ਪੈਸੇ ਦਾ ਹਥਿਆਰ ਭਾਜਪਾ ਲਈ ਬੇਹੱਦ ਲਾਭਕਾਰੀ ਸਾਬਤ ਹੋਇਆ ਹੈ।ਇਸ ਵੇਲੇ ਚੋਣ ਕਮਿਸ਼ਨ ਵਿੱਚ ਇਨਾਂ ਦੇ ਬੰਦੇ ਹਨ ।

ਜਿਥੋਂ ਦੀ ਚੋਣ ਜਿੱਤਣੀ ਹੈ ਉਥੇ ਲੋਕਾਂ ਨੂੰ ਤੁਰੰਤ ਕੋਈ ਨਾ ਕੋਈ ਆਰਥਿਕ ਲਾਭ ਦੇ ਕੇ ਫਿਰ ਚੋਣਾਂ ਦਾ ਐਲਾਨ ਕਰਾ ਦਿਉ ਤਾਂ ਕਿ ਵਿਰੋਧੀ ਧਿਰ ਉਥੇ ਕੁਝ ਕਰ ਹੀ ਨਾ ਸਕੇ ।ਹਾਕਮ ਪਾਰਟੀ ਚੋਣ ਜਿੱਤ ਲਵੇ ।ਦੇਸ਼ ਦੇ ਲੋਕ ਇਹ ਵੀ ਵੇਖ ਰਹੇ ਹਨ ਕਿ ਭਾਜਪਾ ਸਰਕਾਰ ਇਸ ਨੀਝ ਵਿੱਚ ਰਹਿੰਦੀ ਹੈ ਕਿ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਨੂੰ ਸੂਬਿਆਂ ਵਿੱਚੋਂ ਕਿਵੇਂ ਖਤਮ ਕੀਤਾ ਜਾ ਸਕਦਾ ਹੈ ?ਹੁਣ ਐਸ. ਆਈ. ਆਰ. ਰਾਹੀਂ ਬੰਗਾਲ ਦੀਆਂ ਵਿਰੋਧੀ ਧਿਰ ਦੀਆਂ 90 ਲੱਖ ਤੋਂ ਵਧੇਰੇ ਵੋਟਾਂ ਖਤਮ ਕੀਤੀਆਂ ਗਈਆਂ ਹਨ ।ਮੰਤਵ ਇਕੋ ਹੀ ਹੈ ਭਾਜਪਾ ਦੀ ਸਰਕਾਰ ਸਥਾਪਤ ਕਰਨਾ !

ਇਥੇ ਹੀ ਬਸ ਨਹੀਂ ਬੰਗਾਲ ਵਿੱਚ ਇਨਕਮ ਟੈਕਸ ਤੇ ਈ. ਡੀ. ਆਦਿ ਦੇ ਛਾਪੇ ਪਵਾ ਕੇ ਲੋਕਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਦੇ ਨਾਲ ਉਨਾਂ ਵਿੱਚ ਡਰ ਦਾ ਮਾਹੌਲ ਇਥੋਂ ਤਕ ਪੈਦਾ ਕਰ ਦਿੱਤਾ ਜਾਵੇ ਕਿ ਉਨਾਂ ਨੂੰ ਸਿਰਫ ਤੇ ਸਿਰਫ ਭਾਜਪਾ ਨੂੰ ਹੀ ਵੋਟ ਪਾਉਣੀ ਪੈ ਜਾਵੇ।

ਇਥੇ ਵੀ ਹਿੰਦੂ ਮੁਸਲਿਮ ਦਾ ਪਾੜਾਂ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ ।ਜਿਸ ਤਰਾਂ ਦੀ ਨੀਵੀਂ ਪੱਧਰ ਦੀ ਸੋਚ ਚੱਲ ਰਹੀ ਹੈ ਇਸ ਤੋਂ ਸਪਸ਼ਟ ਇਹ ਵੀ ਹੋ ਰਿਹਾ ਹੈ ਕਿ ਮੋਦੀ ਦੀ ਭਾਜਪਾ ਸਰਕਾਰ ਦੇਸ਼ ਵਿੱਚੋਂ ਜਮਹੂਰੀਅਤ ਦਾ ਸਦਾ ਲਈ ਭੋਗ ਪੁਆ ਕੇ ਦੇਸ਼ ਵਿੱਚ ਡਿਕਟੇਟਰਸ਼ਿਪ ਨੂੰ ਸਥਾਪਤ ਕਰਨਾ ਚਾਹੁੰਦੀ ਹੈ।ਭਾਜਪਾ ਨੇ ਐਸ. ਆਈ. ਆਰ. ਨੂੰ ਵਰਤ ਕੇ ਵਿਰੋਧੀਆਂ ਦੀਆਂ ਵੋਟਾਂ ਵੱਧ ਤੋਂ ਵੱਧ ਕਟਣ ਦੇ ਨਾਲ ਹਰ ਪ੍ਰਕਾਰ ਦਾ ਡਰ ਦਾ ਮਾਹੌਲ ਪੈਦਾ ਕਰੇਗੀ ਤਾਂ ਕਿ ਕੋਈ ਕੁਸਕ ਨਾ ਸਕੇ ਤੇ ਲੋਕਾਂ ਨੂੰ ਪੂਰੀ ਤਰ੍ਹਾਂ ਗੁੰਮਰਾਹ ਕਰਕੇ ਵੋਟਾਂ ਹਾਸਲ ਕਰ ਲਈਆਂ ਜਾਣ।ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਲਾਲਚ ਦੇ ਕੇ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਥੇ ਉਸ ਨੂੰ ਇਸ ਤਰਾਂ ਸਫਲਤਾ ਹਾਸਲ ਨਹੀਂ ਹੁੰਦੀ ਤਾਂ ਫਿਰ ਉਥੇ ਇਨਕਮ ਟੈਕਸ ਤੇ ਈ. ਡੀ. ਦੇ ਛਾਪਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ।ਕੋਰਟਾਂ ਵਿਰੋਧੀ ਪਾਰਟੀਆਂ ਦੀ ਕੋਈ ਗੱਲ ਸੁਣਨ ਦੀ ਬਜਾਏ ਇਹ ਕਹਿ ਕੇ ਪੱਲਾ ਝਾੜ੍ਹ ਰਹੀਆਂ ਹਨ ਕਿ ਉਨਾਂ ਨੂੰ ਸਰਕਾਰ ਦੇ ਕੰਮਾਂ ਦੇ ਦੱਖਲ ਤੋਂ ਦੂਰ ਰਖਿਆ ਜਾਵੇ।ਜੇ ਇਹ ਆਖ ਲਿਆ ਜਾਵੇ ਕਿ ਰਾਜ ਤੰਤਰ ਵਿੱਚ ਹੇਠਾਂ ਤੋਂ ਲੈ ਕੇ ਉਪਰ ਤਕ ਸਭ ਨਾਲ ਭਾਜਪਾ ਨੇ ਅੱਖ ਮਿਲਾ ਲਈ ਹੋਈ ਦਸੀ ਜਾ ਰਹੀ ਹੈ ।ਦੇਸ਼ ਦੀ ਹਾਲਤ ਇਸ ਤਰਾਂ ਦੀ ਬਣ ਚੁੱਕੀ ਹੈ ਕਿ ਅੰਨੀ ਪੀਹ ਰਹੀ ਹੈ ਤੇ ਕੁੱਤੇ ਚੱਟ ਰਹੇ ਹਨ ।ਦੇਸ਼ ਦਾ ਹਾਲੇ ਵੀ ਬੜਾ ਕੁਝ ਸਵਾਰਿਆ ਜਾ ਸਕਦਾ ਹੈ ਕਿਉਂਕਿ ਲੋਕ ਸਭਾ ਚੋਣਾਂ ਹੋਣ ਨੂੰ ਹਾਲੇ ਕੁਝ ਸਮਾਂ ਪਿਆ ਹੈ ।ਜੇਕਰ ਦੇਸ਼ ਦੀਆਂ ਵਿਰੋਧੀ ਪਾਰਟੀਆਂ 'ਔਰਤ ਰੀਜਰਵੇਸ਼ਨ' ਬਿੱਲ ਵਾਂਗ ਜਾਗਰੂਕ ਹੋ ਜਾਣ ਤਾਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰ.ਸ.ਸ. ਤੇ ਭਾਰਤੀ ਜੰਨਤਾ ਪਾਰਟੀ ਆਪਣੇ ਮਨਸੂਬਿਆਂ ਵਿੱਚ ਸਫਲ ਨਾ ਹੋ ਸਕੇ ! ਅੱਜ ਲੋੜ੍ਹ ਹੈ ਕਿ ਦੇਸ਼ ਦੀਆ ਸਾਰੀਆਂ ਵਿਰੋਧੀ ਧਿਰਾਂ ਆਪਣੇ ਸਾਰੇ ਗੁੱਸੇ ਗਿੱਲੇ ਦੂਰ ਕਰਕੇ ਇਕ ਪਲੇਟ ਫਾਰਮ ਤੇ ਇੱਕਠੀਆਂ ਹੋਣ ਤੇ ਜਿਹੜੇ ਲੋਕ ਦੇਸ਼ ਨੂੰ ਡਿਕਟੇਟਰਸ਼ਿਪ ਵਲ ਧਕੇਲ ਰਹੇ ਹਨ ਉਨਾਂ ਦੀ ਸੋਚ ਨੂੰ ਲੋਕ ਸਭਾ ਚੋਣਾਂ ਵਿੱਚ ਲੱਕ ਤੋੜਵੀਂ ਹਾਰ ਦੇ ਕੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ।ਇਸ ਵਿੱਚ ਹੀ ਦੇਸ਼ ਦੀ, ਵਿਰੋਧੀ ਪਾਰਟੀਆਂ ਅਤੇ ਦੇਸ਼ ਦੇ ਲੋਕਾਂ ਦੀ ਭਲਾਈ ਲੁੱਕੀ ਹੋਈ ਹੈ ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

# ਕੈਨੇਡਾ ਤੋਂ ਫਿਰ ਆਈ ਮਾੜੀ ਖਬਰ! ਬਰੈਂਪਟਨ 'ਚ ਪੰਜਾਬੀ ਕੁੜੀ ਦੀ ਸ਼ੱਕੀ ਹਾਲਾਤਾਂ 'ਚ ਮੌਤ

**ਬਰੈਂਪਟਨ ਸਾਂਝੀ ਸੋਚ ਬਿਊਰੋ**



ਬਰੈਂਪਟਨ ਵਿੱਚ ਇੱਕ ਪੰਜਾਬੀ ਕੁੜੀ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਹੈ। ਮ੍ਰਿਤਕਾ ਦੀ ਪਛਾਣ ਪ੍ਰਤਿਭਾ ਵਜੋਂ ਹੋਈ ਹੈ, ਜੋ ਮਲੇਰਕੋਟਲਾ ਦੇ ਅਹਿਮਦਗੜ੍ਹ ਦੀ ਰਹਿਣ ਵਾਲੀ ਸੀ। ਉਸਦੀ ਲਾਸ਼ ਘਰ ਦੀਆਂ ਪੌੜੀਆਂ ਤੋਂ ਬਰਾਮਦ ਹੋਈ। ਦੱਸਿਆ ਜਾ ਰਿਹਾ ਹੈ ਕਿ ਪ੍ਰਤਿਭਾ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਕੈਨੇਡਾ ਗਈ ਸੀ। ਪ੍ਰਤਿਭਾ ਗੁਪਤਾ ਪੜ੍ਹਾਈ ਵਿੱਚ ਬਹੁਤ ਹੀ ਹੋਣਹਾਰ ਸੀ। ਉਹ ਐਮਐਸਸੀ ਮੈਥਸ ਵਿੱਚ ਗੋਲਡ ਮੈਡਲਿਸਟ ਸੀ ਅਤੇ ਵਿਦੇਸ਼ ਜਾਣ ਤੋਂ ਪਹਿਲਾਂ ਪੰਜਾਬ ਵਿੱਚ ਇੱਕ ਅਧਿਆਪਕਾ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਸ਼ਨੀਵਾਰ ਨੂੰ ਬੇਟੀ ਨਾਲ ਫ਼ੋਨ 'ਤੇ ਲੰਬੀ ਗੱਲਬਾਤ ਹੋਈ ਸੀ। ਉਹ ਆਪਣੇ ਕੰਮ ਅਤੇ ਜ਼ਿੰਦਗੀ ਨੂੰ ਲੈ ਕੇ ਕਾਫੀ ਖੁਸ਼ ਸੀ। ਪਰ ਸ਼ਾਮ ਹੁੰਦੇ ਹੀ ਸਥਿਤੀ ਬਦਲ ਗਈ। ਉਸਦੇ ਮੋਬਾਈਲ 'ਤੇ ਕਈ ਵਾਰ ਫ਼ੋਨ ਕੀਤੇ ਗਏ, ਪਰ ਦੂਜੇ ਪਾਸਿਓਂ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਉਹ ਇੱਕ ਨਿੱਜੀ ਟਰਾਂਸਪੋਰਟ ਕੰਪਨੀ ਵਿੱਚ ਕੰਮ ਕਰਦੀ ਸੀ, ਇਸ ਲਈ ਉਨ੍ਹਾਂ ਨੇ ਕੰਪਨੀ ਦੇ ਕਰਮਚਾਰੀ ਨੂੰ ਫ਼ੋਨ ਕੀਤਾ। ਕੰਪਨੀ ਦੇ ਅਧਿਕਾਰੀਆਂ ਨੇ ਤੁਰੰਤ ਕੈਨੇਡੀਅਨ ਪੁਲਿਸ ਨਾਲ ਸੰਪਰਕ ਕਰਕੇ ਦਖਲ ਦੇਣ ਦੀ ਮੰਗ ਕੀਤੀ, ਜਿਸ ਤੋਂ ਬਾਅਦ ਇਸ ਘਟਨਾ ਦਾ ਪਤਾ ਲੱਗਿਆ। ਬਰੈਂਪਟਨ ਪੁਲਿਸ ਨੇ ਇਸ ਮਾਮਲੇ ਵਿੱਚ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀ ਮ੍ਰਿਤਕਾ ਦੀ ਰੋਜ਼ਾਨਾ ਦੀ ਰੁਟੀਨ ਅਤੇ ਉਸਦੇ ਨਜ਼ਦੀਕੀਆਂ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ। ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਦੇ ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ ਅਤੇ ਚਸ਼ਮਦੀਦਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਦੱਸ ਦਈਏ ਕਿ ਪਰਿਵਾਰ ਨੇ ਬੇਟੀ ਦੀ ਦੇਹ ਵਾਪਸ ਲਿਆਉਣ ਲਈ ਭਾਰਤ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ ਹੈ।

# ਈਰਾਨੀ ਵਿਦੇਸ਼ ਮੰਤਰੀ 48 ਘੰਟਿਆਂ ਵਿੱਚ ਤੀਜੀ ਵਾਰ ਪਾਕਿਸਤਾਨ ਪਹੁੰਚੇ

**ਤਹਿਰਾਨ ਸਾਂਝੀ ਸੋਚ ਬਿਊਰੋ**

ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਰੂਸ ਦੀ ਆਪਣੀ ਯਾਤਰਾ ਖਤਮ ਕਰਨ ਤੋਂ ਬਾਅਦ ਅੱਜ ਮੰਗਲਵਾਰ ਨੂੰ ਇਸਲਾਮਾਬਾਦ ਪਹੁੰਚੇ। ਇਹ ਪਿਛਲੇ 48 ਘੰਟਿਆਂ ਵਿੱਚ ਪਾਕਿਸਤਾਨ ਦਾ ਉਨ੍ਹਾਂ ਦਾ ਤੀਜਾ ਦੌਰਾ ਹੈ। ਉਨ੍ਹਾਂ ਨੇ ਪਹਿਲਾਂ ਮੱਧ ਪੂਰਬ ਵਿੱਚ ਚੱਲ ਰਹੇ ਸੰਘਰਸ਼ ਦੇ ਸਬੰਧ ਵਿੱਚ ਪੁਤਿਨ ਨਾਲ 90 ਮਿੰਟ ਦੀ ਗੱਲਬਾਤ ਕੀਤੀ ਸੀ। ਈਰਾਨ ਨੇ ਗੱਲਬਾਤ ਲਈ ਅਮਰੀਕਾ ਨੂੰ ਇੱਕ ਨਵਾਂ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਹੋਰਮੁਜ਼ ਜਲਡਮਰੂ ਨੂੰ ਪਹਿਲਾਂ ਖੋਲ੍ਹਿਆ ਜਾਣਾ ਚਾਹੀਦਾ ਹੈ ਅਤੇ ਅਮਰੀਕਾ ਨੂੰ ਈਰਾਨ 'ਤੇ ਆਪਣੀ ਸਮੁੰਦਰੀ ਨਾਕਾਬੰਦੀ ਹਟਾਉਣੀ ਚਾਹੀਦੀ ਹੈ। ਇਸ ਨਾਲ ਯੁੱਧ ਦੇ ਖਤਮ ਹੋਣ ਦਾ ਰਾਹ ਪੱਧਰਾ ਹੋਵੇਗਾ। ਇਸ ਤੋਂ ਬਾਅਦ, ਪ੍ਰਮਾਣੂ ਮੁੱਦੇ 'ਤੇ ਗੱਲਬਾਤ ਹੋਣੀ ਚਾਹੀਦੀ ਹੈ। ਇਹ ਜਾਣਕਾਰੀ ਤਿੰਨ ਈਰਾਨੀ ਅਧਿਕਾਰੀਆਂ ਦੁਆਰਾ ਨਿਊਯਾਰਕ ਟਾਈਮਜ਼ ਨੂੰ ਪ੍ਰਦਾਨ ਕੀਤੀ ਗਈ ਸੀ। ਰਿਪੋਰਟ ਦੇ ਅਨੁਸਾਰ, ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਐਤਵਾਰ ਨੂੰ ਪਾਕਿਸਤਾਨ ਨੂੰ ਇਹ ਯੋਜਨਾ ਪੇਸ਼ ਕੀਤੀ। ਵ੍ਹਾਈਟ ਹਾਊਸ ਨੇ ਇਸ ਪ੍ਰਸਤਾਵ ਦਾ ਜਵਾਬ ਨਹੀਂ ਦਿੱਤਾ ਹੈ। ਪਿਛਲੇ ਕਈ ਹਫ਼ਤਿਆਂ ਤੋਂ, ਈਰਾਨ ਅਤੇ ਅਮਰੀਕਾ ਪਾਕਿਸਤਾਨ ਦੀ ਵਿਚੋਲਗੀ ਰਾਹੀਂ ਪ੍ਰਸਤਾਵਾਂ ਦਾ ਆਦਾਨ-ਪ੍ਰਦਾਨ ਕਰ ਰਹੇ ਹਨ, ਪਰ ਪ੍ਰਮਾਣੂ ਪ੍ਰੋਗਰਾਮ ਨਾਲ ਸਬੰਧਤ ਮੁੱਖ ਮੁੱਦਿਆਂ 'ਤੇ ਅਜੇ ਤੱਕ ਸਮਝੌਤਾ ਨਹੀਂ ਹੋਇਆ ਹੈ।

ਸੰਯੁਕਤ ਰਾਜ ਅਮਰੀਕਾ ਨੇ ਮੰਗ ਕੀਤੀ ਕਿ ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ 20 ਸਾਲਾਂ ਲਈ ਬੰਦ ਕਰੇ ਅਤੇ ਉਸ ਕੋਲ ਮੌਜੂਦ 440 ਕਿਲੋਗ੍ਰਾਮ ਸੰਸ਼ੋਧਿਤ ਯੂਰੇਨੀਅਮ ਸੌਂਪ ਦੇਵੇ। ਈਰਾਨ ਨੇ ਇਨ੍ਹਾਂ ਮੰਗਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਬਹੁਤ ਜ਼ਿਆਦਾ ਅਤੇ ਗੈਰ-ਵਾਜਬ ਦੱਸਿਆ।

ਈਰਾਨ ਦਾ ਪਹਿਲਾ ਪ੍ਰਸਤਾਵ ਜਿਸ ਨੂੰ ਅਮਰੀਕਾ ਵੱਲੋਂ ਰੱਦ ਕਰ ਦਿੱਤਾ ਗਿਆ ਸੀ। ਇਸ 'ਚ ਈਰਾਨ ਨੇ ਕਿਹਾ ਸੀ ਕਿ ਯੂਰੇਨੀਅਮ ਸੰਸ਼ੋਧਨ ਪੰਜ ਸਾਲਾਂ ਲਈ ਪੂਰੀ ਤਰ੍ਹਾਂ ਰੋਕ ਦਿੱਤਾ ਜਾਵੇਗਾ। ਇਸ ਤੋਂ ਬਾਅਦ, ਸੰਸ਼ੋਧਨ ਪੰਜ ਸਾਲਾਂ ਲਈ ਬਹੁਤ ਘੱਟ ਪੱਧਰ 'ਤੇ ਕੀਤਾ ਜਾਵੇਗਾ, ਸਿਰਫ ਨਾਗਰਿਕ ਵਰਤੋਂ ਲਈ। ਈਰਾਨ ਦਾ ਯੂਰੇਨੀਅਮ ਭੰਡਾਰ ਘਟਾ ਦਿੱਤਾ ਜਾਵੇਗਾ। ਇਸ ਦਾ ਅੱਧਾ ਹਿੱਸਾ ਅੰਤਰਰਾਸ਼ਟਰੀ ਨਿਗਰਾਨੀ ਹੇਠ ਈਰਾਨ ਵਿੱਚ ਰਹੇਗਾ। ਬਾਕੀ ਅੱਧਾ ਰੂਸ ਨੂੰ ਦਿੱਤਾ ਜਾਵੇਗਾ। ਈਰਾਨ ਨੇ ਇਹ ਪ੍ਰਸਤਾਵ 26 ਅਪ੍ਰੈਲ ਨੂੰ ਦਿੱਤਾ ਸੀ, ਜਿਸਨੂੰ ਟਰੰਪ ਨੇ ਰੱਦ ਕਰ ਦਿੱਤਾ। ਇਸ ਤੋਂ ਬਾਅਦ, ਈਰਾਨ ਨੇ ਆਪਣੀ ਰਣਨੀਤੀ ਬਦਲਦੇ ਹੋਏ ਕਿਹਾ ਕਿ ਮੁਸ਼ਕਲ ਮੁੱਦਿਆਂ ਨੂੰ ਹੁਣ ਲਈ ਪਾਸੇ ਰੱਖ ਦੇਣਾ ਚਾਹੀਦਾ ਹੈ। ਪਹਿਲਾਂ, ਯੁੱਧ ਨੂੰ ਖਤਮ ਕਰਨ ਦੇ ਉਦੇਸ਼ ਨਾਲ ਕਦਮ ਚੁੱਕੇ ਜਾਣੇ ਚਾਹੀਦੇ ਹਨ, ਜਿਵੇਂ ਕਿ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣਾ ਅਤੇ ਨਾਕਾਬੰਦੀ ਹਟਾਉਣਾ, ਅਤੇ ਫਿਰ ਪ੍ਰਮਾਣੂ ਪ੍ਰੋਗਰਾਮ ਵਰਗੇ ਗੁੰਝਲਦਾਰ ਮੁੱਦਿਆਂ 'ਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ।

# ਨਾਂ ਦੀ ਬਦਲੀ

ਮੈਂ, ਦੀਪਕ ਪੁੱਤਰ ਰਾਜਿੰਦਰ ਸਿੰਘ ਪਿੰਡ ਘੋਗਰੀਪੁਰ, ਤਹਿਸੀਲ ਅਤੇ ਜ਼ਿਲ੍ਹਾ ਕਰਨਾਲ, ਹਰਿਆਣਾ, ਭਾਰਤ ਦਾ ਰਹਿਣ ਵਾਲਾ ਹਾਂ। ਮੈਂ ਆਪਣਾ ਨਾਮ ਦੀਪਕ ਤੋਂ ਬਦਲ ਕੇ ਦੀਪਕ ਮਾਨ ਰੱਖ ਲਿਆ ਹੈ। ਹੁਣ ਤੋਂ ਮੇਰਾ ਪਹਿਲਾ ਨਾਮ ਦੀਪਕ ਅਤੇ ਆਖਰੀ ਨਾਮ ਮਾਨ ਹੋਵੇਗਾ। ਸਬੰਧਿਤ ਨੋਟ ਕਰਨ।

# Change Of Name

I,Deepak S/o Rajinder Singh R/o Vilage Ghogripur, Tehsil & District Karnal, Haryana, India state that I wish to change my name from Deepak to Deepak Maan for the future. My first name will be Deepak and last name will be Maan. All concerned please note.

# ਭਾਰਤੀ ਜਲ ਸੈਨਾ ਦਾ ਜਹਾਜ਼ ਆਈਓਐਸ ਸਾਗਰ ਮਿਸ਼ਨ ਦੇ ਤਹਿਤ ਪਹੁੰਚਿਆ ਸਿੰਗਾਪੁਰ

**ਸਿੰਗਾਪੁਰ ਸਾਂਝੀ ਸੋਚ ਬਿਊਰੋ**

ਸਿੰਗਾਪੁਰ ਵਿੱਚ ਭਾਰਤ ਦੇ ਹਾਈ ਕਮਿਸ਼ਨ ਨੇ ਐਤਵਾਰ ਨੂੰ ਕਿਹਾ ਕਿ ਭਾਰਤੀ ਜਲ ਸੈਨਾ ਦਾ ਜਹਾਜ਼ ਸੁਨੈਨਾ ਆਈਓਐਸ ਸਾਗਰ ਪਹਿਲਕਦਮੀ ਦੇ ਹਿੱਸੇ ਵਜੋਂ ਇੱਕ ਪੋਰਟ ਕਾਲ ਲਈ ਸਿੰਗਾਪੁਰ ਦੇ ਚਾਂਗੀ ਜਲ ਸੈਨਾ ਬੇਸ 'ਤੇ ਪਹੁੰਚਿਆ। ਹਾਈ ਕਮਿਸ਼ਨਰ ਨੇ ਆਈਓਐਸ ਸਾਗਰ ਦਾ ਦੌਰਾ ਕੀਤਾ ਅਤੇ ਆਈਓਐਸ ਸਾਗਰ 'ਤੇ ਹਿੰਦ ਮਹਾਸਾਗਰ ਖੇਤਰ ਦੀਆਂ ਭਾਈਵਾਲ ਜਲ ਸੈਨਾਵਾਂ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਨੇ ਸਾਗਰ ਵਿਜ਼ਨ ਦੇ ਤਹਿਤ ਸਮੁੰਦਰੀ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਅੰਤਰ-ਕਾਰਜਸ਼ੀਲਤਾ ਨੂੰ ਉਤਸ਼ਾਹਿਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਸਿੰਗਾਪੁਰ ਵਿੱਚ ਭਾਰਤ ਦੇ ਹਾਈ ਕਮਿਸ਼ਨ ਨੇ ਐਕਸ 'ਤੇ ਲਿਖਿਆ, ਆਈਓਐਸ ਸਾਗਰ ਮਿਸ਼ਨ ਇੱਕ ਵਿਲੱਖਣ ਪ੍ਰੋਗਰਾਮ ਹੈ ਜੋ ਭਾਈਵਾਲ ਜਲ ਸੈਨਾਵਾਂ ਦੇ ਜਲ ਸੈਨਾ ਕਰਮਚਾਰੀਆਂ ਨੂੰ ਇੱਕ ਭਾਰਤੀ ਜਲ ਸੈਨਾ ਜਹਾਜ਼ 'ਤੇ ਇਕੱਠੇ ਸਿਖਲਾਈ ਅਤੇ ਸਫ਼ਰ ਕਰਨ ਦੇ ਯੋਗ ਬਣਾਉਂਦਾ ਹੈ। ਆਈਓਐਸ ਸਾਗਰ ਵਿਜ਼ਨ ਮਹਾਸਾਗਰ (ਖੇਤਰਾਂ ਵਿੱਚ ਸੁਰੱਖਿਆ ਅਤੇ ਵਿਕਾਸ ਲਈ ਆਪਸੀ ਅਤੇ ਸੰਪੂਰਨ ਤਰੱਕੀ) ਦਾ ਇੱਕ ਵਿਹਾਰਕ ਪ੍ਰਗਟਾਵਾ ਹੈ, ਜਿਸ ਨਾਲ ਪ੍ਰਭਾਵਸ਼ਾਲੀ ਸਮੁੰਦਰੀ ਸੁਰੱਖਿਆ ਲਈ ਸਹਿਯੋਗ ਲਈ ਭਾਈਵਾਲ ਦੇਸ਼ਾਂ ਨੂੰ ਇਕੱਠਾ ਕੀਤਾ ਜਾਂਦਾ ਹੈ। "ਇੱਕ ਸਮੁੰਦਰ, ਇੱਕ ਮਿਸ਼ਨ" ਥੀਮ ਦੇ ਨਾਲ, ਆਈਓਐਸ ਸਾਗਰ ਸਿੰਗਾਪੁਰ ਸਮੇਤ 16 ਭਾਈਵਾਲ ਜਲ ਸੈਨਾਵਾਂ ਦੇ ਜਲ ਸੈਨਾ ਕਰਮਚਾਰੀਆਂ ਨੂੰ ਇੱਕ ਭਾਰਤੀ ਜਲ ਸੈਨਾ ਜਹਾਜ਼ 'ਤੇ ਇਕੱਠੇ ਸਿਖਲਾਈ ਅਤੇ ਸਮੁੰਦਰੀ ਸਫ਼ਰ ਕਰਨ ਲਈ ਇਕੱਠਾ ਕਰਦਾ ਹੈ, ਜੋ ਸਮੁੰਦਰੀ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਭਾਰਤ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ। ਇਸ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ 2026 ਨੂੰ ਭਾਰਤ-ਆਸੀਆਨ ਦੇਸ਼ਾਂ ਦੇ ਸਾਲ ਵਜੋਂ ਮਨਾਇਆ ਜਾ ਰਿਹਾ ਹੈ, ਅਤੇ ਆਸੀਆਨ ਦੇਸ਼ਾਂ ਦੇ ਜਲ ਸੈਨਾ ਅਧਿਕਾਰੀਆਂ ਦੀ ਭਾਗੀਦਾਰੀ ਮਜ਼ਬੂਤ ਰੱਖਿਆ ਸਹਿਯੋਗ ਅਤੇ ਵਧ ਰਹੇ ਭਾਰਤ-ਆਸੀਆਨ ਸਮੁੰਦਰੀ ਸਹਿਯੋਗ ਦਾ ਪ੍ਰਮਾਣ ਹੈ। 21 ਅਪ੍ਰੈਲ ਨੂੰ, ਆਈਐਨਐਸ ਸੁਨਯਨਾ ਇੰਡੋਨੇਸ਼ੀਆ ਦੀ ਰਾਜ ਦੀ ਰਾਜਧਾਨੀ ਜਕਾਰਤਾ ਪਹੁੰਚੀ, ਜੋ ਹਿੰਦ ਮਹਾਂਸਾਗਰ ਖੇਤਰ ਵਿੱਚ ਆਪਣੀ ਕਾਰਵਾਈ ਤਾਇਨਾਤੀ ਦੇ ਤੀਜੇ ਬੰਦਰਗਾਹ ਕਾਲ ਨੂੰ ਦਰਸਾਉਂਦੀ ਹੈ। ਆਫਸ਼ੋਰ ਪੈਟਰੋਲ ਵੈਸਲ 16 ਦੋਸਤਾਨਾ ਵਿਦੇਸ਼ੀ ਦੇਸ਼ਾਂ ਦੇ ਬਹੁ-ਰਾਸ਼ਟਰੀ ਅਮਲੇ ਦੇ ਨਾਲ ਤਾਇਨਾਤ ਹੈ। ਭਾਰਤੀ ਜਲ ਸੈਨਾ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਆਈਐਨਐਸ ਸੁਨਯਨਾ 17 ਅਪ੍ਰੈਲ ਨੂੰ ਇੱਕ ਉੱਚ-ਟੈਂਪੋ ਤਿੰਨ-ਦਿਨ ਦੇ ਕਾਰਜਸ਼ੀਲ ਟਰਨਅਰਾਊਂਡ ਨੂੰ ਪੂਰਾ ਕਰਨ 'ਤੇ ਫੁਕੇਟ (ਥਾਈਲੈਂਡ) ਤੋਂ ਰਵਾਨਾ ਹੋਈ, ਜੋ ਕਿ ਚੱਲ ਰਹੀ ਤਾਇਨਾਤੀ ਦੌਰਾਨ ਆਪਣੀ ਦੂਜੀ ਬੰਦਰਗਾਹ ਕਾਲ ਦੇ ਸਫਲ ਸਿੱਟੇ ਨੂੰ ਦਰਸਾਉਂਦੀ ਹੈ। ਮਾਰਚ ਵਿੱਚ ਭਾਰਤ ਵਿੱਚ ਆਪਣੇ ਬੰਦਰਗਾਹ ਪੜਾਅ ਨੂੰ ਪੂਰਾ ਕਰਨ ਤੋਂ ਬਾਅਦ, ਓਪੀਵੀ ਵਰਤਮਾਨ ਵਿੱਚ ਅਪ੍ਰੈਲ ਤੋਂ ਮਈ ਤੱਕ ਸਮੁੰਦਰੀ ਪੜਾਅ ਵਿੱਚੋਂ ਲੰਘ ਰਿਹਾ ਹੈ, ਜਿਸ ਵਿੱਚ ਆਈਓਆਰ ਵਿੱਚ ਕਈ ਦੋਸਤਾਨਾ ਵਿਦੇਸ਼ੀ ਦੇਸ਼ਾਂ ਵਿੱਚ ਪੋਰਟ ਕਾਲਾਂ ਸ਼ਾਮਲ ਹਨ।




CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
WIN
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st
May
Sunday
Red Carpet
02:00 pm
Show Time
03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਪਾਕਿਸਤਾਨ ਦੇ ਫ਼ੌਜ ਮੁਖੀ ਮੁਨੀਰ ਲਈ ਨੋਬਲ ਪੁਰਸਕਾਰ ਦੀ ਮੰਗ ਨਾਲ ਸਿਮਰਨਜੀਤ ਸਿੰਘ ਮਾਨ ਬੇਨਕਾਬ

## ਆਈ.ਐਸ.ਆਈ ਦੇ ਖਾਲਿਸਤਾਨੀ ਨੈਰੇਟਿਵ ਨੂੰ ਪ੍ਰੋਸਣ ਵਾਲਿਆਂ ਨੂੰ ਪੰਜਾਬ ਕਦੇ ਕਬੂਲ ਨਹੀਂ ਕਰੇਗਾ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ਲਈ 'ਨੋਬਲ ਸ਼ਾਂਤੀ ਪੁਰਸਕਾਰ' ਦੀ ਵਕਾਲਤ ਕਰਨਾ ਦੇਸ਼ ਅਤੇ ਪੰਜਾਬ ਦੇ ਉਹਨਾਂ ਬਹਾਦਰ ਫ਼ੌਜੀ ਜਵਾਨਾਂ ਦਾ ਅਪਮਾਨ ਹੈ, ਜਿਨ੍ਹਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਰਹੱਦਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ। ਇਹ ਵਕਾਲਤ ਸਰਹੱਦਾਂ 'ਤੇ ਡਟੇ ਜਵਾਨਾਂ, ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਹਜ਼ਾਰਾਂ ਪਰਿਵਾਰਾਂ ਅਤੇ ਪਾਕਿਸਤਾਨ ਪ੍ਰੇਰਿਤ ਅੱਤਵਾਦ ਤੇ ਨਸ਼ਿਆਂ ਨਾਲ ਲੜ ਰਹੇ ਪੰਜਾਬ ਦੇ ਲੋਕਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦੇ ਬਰਾਬਰ ਹੈ। ਇਹ ਬਿਆਨ ਭਾਰਤ ਦੀ ਅਖੰਡਤਾ ਅਤੇ ਰਾਸ਼ਟਰੀ ਸੁਰੱਖਿਆ ਦਾ ਵੀ ਘੋਰ ਅਪਮਾਨ ਹੈ ਅਤੇ ਭਾਰਤ ਵਿਰੋਧੀ ਤਾਕਤਾਂ ਨੂੰ ਮਜ਼ਬੂਤ ਕਰਨ ਵਾਲਾ ਹੈ, ਜੋ ਰਾਸ਼ਟਰਵਾਦੀ ਭਾਵਨਾਵਾਂ 'ਤੇ ਗੰਭੀਰ ਚੋਟ ਮਾਰਦਾ ਹੈ।

ਸਵਾਲ ਇਹ ਹੈ ਕਿ ਜੇ ਮਾਨ ਨੂੰ ਭਾਰਤ ਨਾਲ ਇੰਨੀ ਹੀ ਨਫ਼ਰਤ ਹੈ, ਤਾਂ ਉਹ ਇੱਥੇ ਦੀ ਲੋਕਤੰਤਰਿਕ ਵਿਵਸਥਾ, ਚੋਣਾਂ ਅਤੇ ਸੰਵਿਧਾਨਕ ਅਧਿਕਾਰਾਂ ਦਾ ਲਾਭ ਕਿਉਂ ਲੈ ਰਹੇ ਹਨ? ਪਰ ਇੱਕ ਗੱਲ ਸਪਸ਼ਟ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਮਜ਼ਬੂਤ ਲੋਕਤੰਤਰ ਹੈ, ਕਿਉਂਕਿ ਇੱਥੇ ਸਿਮਰਨਜੀਤ ਸਿੰਘ ਮਾਨ ਵਰਗੇ ਲੋਕਾਂ ਨੂੰ ਵੀ ਆਪਣੀ ਮਰਜ਼ੀ ਨਾਲ ਬੋਲਣ, ਦੇਸ਼ ਵਿਰੋਧੀ ਵਿਚਾਰ ਰੱਖਣ ਅਤੇ ਭਾਰਤ ਦੀ ਸੰਪ੍ਰਭੁਤਾ 'ਤੇ ਸਵਾਲ ਖੜ੍ਹੇ ਕਰਨ ਦੀ ਪੂਰੀ ਆਜ਼ਾਦੀ ਹੈ। ਜੇ ਮਾਨ ਦੇ ਕਹਿਣ ਮੁਤਾਬਕ ਭਾਰਤ ਵਾਕਈ ਹੀ ਤਾਨਾਸ਼ਾਹੀ ਹੁੰਦਾ, ਤਾਂ ਦੇਸ਼ ਦੀ ਫ਼ੌਜ, ਸ਼ਹੀਦਾਂ ਅਤੇ ਰਾਸ਼ਟਰੀ ਸੁਰੱਖਿਆ ਦੇ ਵਿਰੁੱਧ ਬਿਆਨ ਦੇਣ ਵਾਲੇ ਲੋਕ ਖੁੱਲ੍ਹੇਆਮ ਰਾਜਨੀਤੀ ਨਾ ਕਰ ਰਹੇ ਹੁੰਦੇ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਅਭਿਵਿਅਕਤੀ ਦੀ ਆਜ਼ਾਦੀ ਦਿੰਦਾ ਹੈ, ਪਰ ਇਹ ਆਜ਼ਾਦੀ ਰਾਸ਼ਟਰ ਵਿਰੋਧੀ ਤਾਕਤਾਂ ਦਾ ਨੈਰੇਟਿਵ ਅੱਗੇ ਵਧਾਉਣ ਲਈ ਤਾਂ ਬਿਲਕੁਲ ਨਹੀਂ ਹੈ।

ਸਾਬਕਾ ਆਈ.ਪੀ.ਐਸ. ਅਧਿਕਾਰੀ ਰਹੇ ਸਿਮਰਨਜੀਤ ਸਿੰਘ ਮਾਨ ਨੂੰ ਇਸ ਗੱਲ 'ਤੇ ਮਾਣ ਹੈ ਕਿ ਉਹ ਖਾੜਕੂਆਂ ਨੂੰ ਵਿਦੇਸ਼ਾਂ 'ਚ ਸਿਆਸੀ ਪਨਾਹ ਦਿਵਾਉਣ ਲਈ ਵੈਰੀਫਿਕੇਸ਼ਨ ਲੈਟਰ ਜਾਰੀ ਕਰਦੇ ਰਹੇ। ਬੇਸ਼ੱਕ ਇਸ ਕੰਮ ਲਈ ਉਸ ਨੇ ਮੋਟੀਆਂ ਰਕਮਾਂ ਵੀ ਉਨ੍ਹਾਂ ਤੋਂ ਬਟੋਰੀਆਂ, ਇਹ ਗੱਲ ਉਸ ਦੀ ਸੋਚ ਅਤੇ ਦੇਸ਼- ਕੌਮ ਪ੍ਰਤੀ ਉਸ ਦੀ ਨਿਸ਼ਠਾ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਸਭ ਨੂੰ ਪਤਾ ਹੈ ਕਿ ਮਾਨ ਦਾ ਪਰਿਵਾਰਕ ਇਤਿਹਾਸ ਵੀ ਵਿਵਾਦਾਂ ਨਾਲ ਭਰਿਆ ਪਿਆ ਹੈ। ਉਹ ਜਥੇਦਾਰ ਅਰੂੜ੍ਹ ਸਿੰਘ ਦੇ ਪੋਤੇ ਹਨ, ਜਿਨ੍ਹਾਂ ਬਾਰੇ ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਹੁੰਦਿਆਂ ਜੱਲਿਆਂਵਾਲਾ ਬਾਗ ਕਤਲੇਆਮ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਸਿਰੋਪਾ ਭੇਟ ਕੀਤਾ ਸੀ। ਇਹ ਇਤਿਹਾਸਕ ਦਾਗ਼ ਅੱਜ ਵੀ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਹੈ।

ਅੱਜ ਜਦੋਂ ਸਿਮਰਨਜੀਤ ਸਿੰਘ ਮਾਨ ਪਾਕਿਸਤਾਨ ਦੇ ਫ਼ੌਜ ਮੁਖੀ ਅਤੇ ਆਈ.ਐਸ.ਆਈ. ਦੇ ਸਾਬਕਾ ਮੁਖੀ ਰਹੇ ਜਨਰਲ ਅਸੀਮ ਮੁਨੀਰ ਵਰਗੇ ਵਿਅਕਤੀ ਲਈ ਨੋਬਲ ਸ਼ਾਂਤੀ ਪੁਰਸਕਾਰ ਦੀ ਵਕਾਲਤ ਕਰਦੇ ਹਨ, ਤਾਂ ਇਹ ਉਸੇ ਮਾਨਸਿਕਤਾ ਦੀ ਕੜੀ ਦਿਸਦੀ ਹੈ, ਜਿਸ ਵਿੱਚ ਦੇਸ਼ ਵਿਰੋਧੀ ਤੱਤਾਂ ਲਈ ਹਮਦਰਦੀ ਅਤੇ ਰਾਸ਼ਟਰਵਾਦੀ ਤਾਕਤਾਂ ਲਈ ਨਫ਼ਰਤ ਦਿਖਾਈ ਦਿੰਦੀ ਹੈ। ਪਰ ਪੰਜਾਬ ਅਤੇ ਦੇਸ਼ ਦੀ ਜਨਤਾ ਹੁਣ ਅਜਿਹੇ ਬਿਆਨਾਂ ਅਤੇ ਅਜਿਹੀ ਰਾਜਨੀਤੀ ਨੂੰ ਚੰਗੀ ਤਰ੍ਹਾਂ ਸਮਝ ਚੁੱਕੀ ਹੈ। ਪੰਜਾਬ ਦੀ ਧਰਤੀ 'ਤੇ ਆਈ.ਐਸ.ਆਈ., ਪਾਕਿਸਤਾਨੀ ਫ਼ੌਜ ਜਾਂ ਖਾਲਿਸਤਾਨੀ ਨੈਰੇਟਿਵ ਨੂੰ ਪ੍ਰੋਸ਼ਣ ਵਾਲਿਆਂ ਲਈ ਕੋਈ ਜਗ੍ਹਾ ਨਹੀਂ।

ਨਾ ਹੀ ਦੇਸ਼ ਵਿਰੋਧੀ ਬਿਆਨ ਦੇ ਕੇ ਸਸਤੀ ਸੁਰਖ਼ੀਆਂ ਲੈਣ ਵਾਲਿਆਂ ਨੂੰ ਲੋਕਤੰਤਰ ਦੇ ਨਾਮ 'ਤੇ ਦੇਸ਼ ਨੂੰ ਬਦਨਾਮ ਕਰਨ ਦਾ ਕੋਈ ਹੱਕ ਹੈ। ਭਾਰਤ ਦੀ ਏਕਤਾ, ਅਖੰਡਤਾ ਅਤੇ ਸ਼ਹੀਦਾਂ ਦੀ ਕੁਰਬਾਨੀ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਬੇਸ਼ੱਕ, ਭਾਰਤ ਮਜ਼ਬੂਤ ਸੀ, ਮਜ਼ਬੂਤ ਹੈ ਅਤੇ ਮਜ਼ਬੂਤ ਰਹੇਗਾ। ਜਿਹੜੇ ਲੋਕ ਭਾਰਤ ਵਿਰੋਧੀ ਤਾਕਤਾਂ ਦੀ ਬੋਲੀ ਬੋਲਦੇ ਹਨ, ਉਹ ਇਤਿਹਾਸ ਦੇ ਕੂੜੇਦਾਨ ਵਿੱਚ ਸੁੱਟੇ ਜਾਣਗੇ।

ਨੋਬਲ ਸ਼ਾਂਤੀ ਪੁਰਸਕਾਰ ਮਨੁੱਖਤਾ, ਅਮਨ ਅਤੇ ਵਿਸ਼ਵ ਭਲਾਈ ਲਈ ਹੁੰਦਾ ਹੈ—ਨਾ ਕਿ ਉਹਨਾਂ ਲਈ ਜਿਨ੍ਹਾਂ ਦੇ ਹੱਥ ਬੇਗੁਨਾਹਾਂ ਦੇ ਖ਼ੂਨ, ਦਹਿਸ਼ਤਗਰਦੀ, ਨਸ਼ਿਆਂ ਅਤੇ ਅਸਥਿਰਤਾ ਨਾਲ ਰੰਗੇ ਹੋਣ। ਕੌਣ ਨਹੀਂ ਜਾਣਦਾ ਕਿ ਪਾਕਿਸਤਾਨੀ ਫ਼ੌਜ ਅਤੇ ਆਈ.ਐਸ.ਆਈ. ਲੰਮੇ ਸਮੇਂ ਤੋਂ ਭਾਰਤ ਵਿੱਚ ਘੁਸਪੈਠ, ਦਹਿਸ਼ਤਗਰਦੀ, ਨਸ਼ਾ ਤਸਕਰੀ, ਹਥਿਆਰਾਂ ਦੀ ਸਪਲਾਈ ਅਤੇ ਡਰੋਨਾਂ ਰਾਹੀਂ ਹਥਿਆਰ ਤੇ ਗ੍ਰਨੇਡ ਭੇਜ ਕੇ ਪੰਜਾਬ ਅਤੇ ਕਸ਼ਮੀਰ ਵਿੱਚ ਅਸ਼ਾਂਤੀ ਫੈਲਾਉਣ ਲਈ ਜ਼ਿੰਮੇਵਾਰ ਰਹੇ ਹਨ।

ਅੱਜ ਵੀ ਆਈ.ਐਸ.ਆਈ. ਅਤੇ ਪਾਕਿਸਤਾਨੀ ਫ਼ੌਜ ਪੰਜਾਬ ਵਿੱਚ ਗੈਂਗਸਟਰ ਮਾਡਿਊਲ, ਖਾਲਿਸਤਾਨੀ ਨੈੱਟਵਰਕ, ਡਰੋਨ, ਹਥਿਆਰ ਅਤੇ ਸੋਸ਼ਲ ਮੀਡੀਆ ਪ੍ਰਚਾਰ ਰਾਹੀਂ "ਲੋ-ਕਾਸਟ ਵਾਰ" ਅਤੇ "ਪ੍ਰਾਕਸੀ ਵਾਰ" ਲੜ ਰਹੇ ਹਨ। ਪੰਜਾਬ ਸਰਹੱਦ 'ਤੇ ਡਰੋਨਾਂ ਰਾਹੀਂ ਮਾਰੂ ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਵੱਲੋਂ ਕਈ ਵਾਰ ਪਾਕਿਸਤਾਨੀ ਡਰੋਨ ਮਾਰ ਗਿਰਾਏ ਗਏ ਹਨ।

ਇਹ ਸਿਰਫ਼ ਤਸਕਰੀ ਨਹੀਂ, ਸਗੋਂ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਅਤੇ ਅਮਨ ਭੰਗ ਕਰਨ ਦੀ ਸੋਚੀ-ਸਮਝੀ ਸਾਜ਼ਿਸ਼ ਹੈ। ਇਹ ਸਿਰਫ਼ ਭਾਰਤ ਦੀ ਸੁਰੱਖਿਆ ਨੂੰ ਚੁਨੌਤੀ ਹੀ ਨਹੀਂ, ਸਗੋਂ ਪੰਜਾਬ ਦੀ ਸਮਾਜਕ ਸਾਂਝ ਅਤੇ ਨੌਜਵਾਨੀ ਲਈ ਵੀ ਵੱਡਾ ਖ਼ਤਰਾ ਹੈ। ਕੀ ਮਾਨ ਨੂੰ ਇਹ ਨਹੀਂ ਪਤਾ? ਅਜਿਹੇ ਤੱਤਾਂ ਦੇ ਮੁਖੀ ਨੂੰ "ਸ਼ਾਂਤੀ ਪੁਰਸਕਾਰ" ਦੇਣ ਦੀ ਵਕਾਲਤ ਕਰਨਾ ਰਾਸ਼ਟਰ ਵਿਰੋਧੀ ਅਤੇ ਮਨੁੱਖਤਾ ਵਿਰੋਧੀ ਸੋਚ ਦਾ ਸਪਸ਼ਟ ਸਬੂਤ ਨਹੀਂ?

ਗਲ ਇੱਥੇ ਹੀ ਨਹੀਂ ਮੁੱਕਦੀ, ਜਨਰਲ ਮੁਨੀਰ ਦੇ ਹੱਥ ਆਪਣੇ ਹੀ ਮੁਲਕ ਦੇ ਸੂਬੇ ਬਲੋਚਿਸਤਾਨ ਵਿੱਚ ਹੱਕ ਮੰਗਦੇ ਬਲੋਚਾਂ ਦੇ ਖ਼ੂਨ ਨਾਲ ਵੀ ਰੰਗੇ ਹੋਏ ਹਨ। ਜਿੱਥੇ ਮੁਨੀਰ ਦੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਖੁੱਲ੍ਹੀ ਉਲੰਘਣਾ, ਜਬਰ, ਗੁੰਮਸ਼ੁਦਗੀਆਂ ਅਤੇ ਫ਼ੌਜੀ ਜ਼ੁਲਮ ਵਧੇ ਹਨ। ਹੱਕ ਮੰਗਣ ਲਈ ਉਤਰੇ ਬਲੋਚਾਂ ਨੂੰ ਦਬਾਉਣ ਲਈ ਫ਼ੌਜ ਵੱਲੋਂ ਟੈਂਕਾਂ ਅਤੇ ਤੋਪਾਂ ਰਾਹੀਂ ਹੀ ਬੰਬਾਰੀ ਨਹੀਂ ਕੀਤੀ ਜਾ ਰਹੀ, ਸਗੋਂ ਹਵਾਈ ਹਮਲੇ ਕਰਕੇ ਲੱਖਾਂ ਲੋਕਾਂ ਨੂੰ ਖੱਪਾ ਦਿੱਤਾ ਜਾਣਾ ਇਹ ਸਾਬਤ ਕਰਦਾ ਹੈ ਕਿ ਪਾਕਿਸਤਾਨ ਦੀ ਫ਼ੌਜ "ਜੰਗ" ਨਹੀਂ, ਸਗੋਂ "ਦਹਿਸ਼ਤਗਰਦੀ" ਨੂੰ ਆਪਣੀ ਰਣਨੀਤੀ ਵਜੋਂ ਵਰਤਦੀ ਹੈ। ਜਿਹੜਾ ਆਪਣੇ ਹੀ ਲੋਕਾਂ ਨਾਲ ਅਮਨ ਤੇ ਨਿਆਂ ਨਹੀਂ ਕਰ ਸਕਦਾ, ਉਹ ਸ਼ਾਂਤੀ ਪੁਰਸਕਾਰ ਦਾ ਹੱਕਦਾਰ ਕਿਵੇਂ ਹੋ ਸਕਦਾ ਹੈ?

ਪਾਕਿਸਤਾਨ ਵਿੱਚ ਧਾਰਮਿਕ ਘੱਟ ਗਿਣਤੀਆਂ ਨਾਲ ਜੋ ਦੁਰਵਿਵਹਾਰ ਹੋ ਰਿਹਾ ਹੈ, ਉਸ ਬਾਰੇ ਕੌਣ ਨਹੀਂ ਜਾਣਦਾ? ਜਿਨ੍ਹਾਂ ਦੀ ਪਹਿਲਾਂ ਆਬਾਦੀ 16% ਸੀ, ਅੱਜ ਘਟ ਕੇ 4% ਰਹਿ ਗਈ ਹੈ। ਹਿੰਦੂ, ਸਿੱਖ ਅਤੇ ਇਸਾਈਆਂ ਦੀਆਂ ਬਹੂ-ਬੇਟੀਆਂ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਵਾਉਣਾ ਅਤੇ ਜਬਰੀ ਨਿਕਾਹ ਦੀਆਂ ਘਟਨਾਵਾਂ ਬਾਰੇ ਕੀ ਸ. ਮਾਨ ਨੂੰ ਨਹੀਂ ਪਤਾ? ਗੱਲ ਇੱਥੇ ਹੀ ਨਹੀਂ ਰੁਕਦੀ; ਉੱਥੇ ਤਾਂ ਅਹਿਮਦੀਆ ਅਤੇ ਸ਼ੀਆ ਫ਼ਿਰਕਾ ਵੀ ਬਹੁਗਿਣਤੀ ਸੁੰਨੀ ਫ਼ਿਰਕੇ ਦੀ ਮਾਰ ਤੋਂ ਨਹੀਂ ਬਚ ਸਕਿਆ।

ਪਾਕਿਸਤਾਨੀ ਫ਼ੌਜ ਦਾ ਇਤਿਹਾਸ 1947, 1965, 1971 ਅਤੇ ਕਾਰਗਿਲ ਵਰਗੀਆਂ ਜੰਗਾਂ ਤੋਂ ਲੈ ਕੇ ਕਸ਼ਮੀਰ ਅਤੇ ਪੰਜਾਬ ਵਿੱਚ ਪ੍ਰਾਕਸੀ ਵਾਰ ਤੱਕ ਭਰਿਆ ਪਿਆ ਹੈ। ਪਰ ਸਿਮਰਨਜੀਤ ਸਿੰਘ ਮਾਨ ਤੋਂ ਇਹ ਭੁੱਲਣ ਦੀ ਉਮੀਦ ਤਾਂ ਬਿਲਕੁਲ ਨਹੀਂ ਕੀਤੀ ਜਾ ਸਕਦੀ ਕਿ ਭਾਰਤ ਤੋਂ 1971 ਦੀ ਜੰਗ ਦੀ ਸ਼ਰਮਨਾਕ ਹਾਰ ਤੋਂ ਬਾਅਦ ਬਦਲਾ ਲੈਣ ਲਈ ਤਤਕਾਲੀ ਫ਼ੌਜ ਮੁਖੀ ਜਨਰਲ ਜ਼ਿਆ-ਉਲ-ਹੱਕ ਦੀ ਅਗਵਾਈ ਵਿੱਚ ਪਾਕਿਸਤਾਨੀ ਫ਼ੌਜ ਵੱਲੋਂ ਭਾਰਤ ਵਿਰੁੱਧ 'ਹਜ਼ਾਰਾਂ ਕੱਟਾਂ ਨਾਲ ਭਾਰਤ ਦਾ ਖ਼ੂਨ ਵਹਾਉਣ' ਦੀ ਜੋ ਨੀਤੀ ਅਪਣਾਈ ਗਈ ਸੀ, ਅੱਜ ਵੀ ਪਾਕਿਸਤਾਨ ਉਸੇ ਨੀਤੀ 'ਤੇ ਕਾਇਮ ਹੈ।

ਅੱਜ ਜਨਰਲ ਅਸੀਮ ਮੁਨੀਰ, ਜੋ ਪਹਿਲਾਂ ਆਈ.ਐਸ.ਆਈ. ਦੇ ਮੁਖੀ ਰਹੇ ਅਤੇ ਹੁਣ ਪਾਕਿਸਤਾਨ ਦੇ ਆਰਮੀ ਚੀਫ਼ ਹਨ, ਉਸੇ "ਬਲੀਡ ਇੰਡੀਆ" ਸੋਚ ਦਾ ਨਵਾਂ ਚਿਹਰਾ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤ ਵਿਰੁੱਧ ਹਾਈਬ੍ਰਿਡ ਵਾਰਫੇਅਰ ਹੋਰ ਤੇਜ਼ ਹੋਈ ਹੈ। ਕਸ਼ਮੀਰ ਵਿੱਚ ਪਹਿਲਗਾਮ ਸਮੇਤ ਹੋਰ ਹਿੱਸਿਆਂ ਵਿੱਚ ਟਾਰਗੈਟ ਕਿਲਿੰਗ, ਘੁਸਪੈਠ ਅਤੇ ਲ਼ੌਛ 'ਤੇ ਫਾਇਰਿੰਗ ਇਹ ਸਾਬਤ ਕਰਦੀ ਹੈ ਕਿ ਪਾਕਿਸਤਾਨ ਰਵਾਇਤੀ ਜੰਗ ਨਹੀਂ, ਸਗੋਂ ਦਹਿਸ਼ਤਗਰਦੀ ਨੂੰ ਆਪਣੀ ਰਣਨੀਤੀ ਵਜੋਂ ਵਰਤਦਾ ਹੈ।

ਕੀ ਮਾਨ ਦੀ ਯਾਦਦਾਸ਼ਤ ਇੰਨੀ ਕਮਜ਼ੋਰ ਹੋ ਗਈ ਹੈ ਕਿ ਉਸ ਨੂੰ ਪਾਕਿਸਤਾਨ ਸਮਰਥਿਤ ਆਤੰਕੀਆਂ ਵੱਲੋਂ ਅਪ੍ਰੈਲ 2025 ਨੂੰ ਪਹਿਲਗਾਮ ਵਿੱਚ ਨਿਰਦੋਸ਼ ਸੈਲਾਨੀਆਂ ਦੇ ਕੀਤੇ ਗਏ ਕਤਲੇਆਮ ਵੀ ਯਾਦ ਨਹੀਂ ਰਿਹਾ? ਜਿਸ ਦੇ ਜਵਾਬ ਵਿੱਚ ਓਪਰੇਸ਼ਨ ਸਿੰਦੂਰ ਵਰਗੀਆਂ ਕਾਰਵਾਈਆਂ ਨੇ ਦੁਨੀਆ ਨੂੰ ਸੰਦੇਸ਼ ਦਿੱਤਾ ਹੈ ਕਿ ਨਵਾਂ ਭਾਰਤ ਹੁਣ ਸਿਰਫ਼ ਨਿੰਦਾ ਨਹੀਂ ਕਰਦਾ, ਸਗੋਂ ਅੱਤਵਾਦ ਅਤੇ ਉਸ ਦੇ ਪਾਲਣਹਾਰਾਂ-ਆਕਾਵਾਂ ਨੂੰ ਕਰਾਰਾ ਜਵਾਬ ਵੀ ਦਿੰਦਾ ਹੈ। ਇਸ ਤੋਂ ਪਹਿਲਾਂ ਉਰੀ ਹਮਲੇ ਤੋਂ ਬਾਅਦ ਸਰਜੀਕਲ ਸਟ੍ਰਾਈਕ ਅਤੇ ਪੁਲਵਾਮਾ ਹਮਲੇ ਤੋਂ ਬਾਅਦ ਬਾਲਾਕੋਟ ਏਅਰ ਸਟ੍ਰਾਈਕ ਵੀ ਕੀ ਮਾਨ ਨੂੰ ਯਾਦ ਨਹੀਂ ਹਨ?

ਸਿਮਰਨਜੀਤ ਸਿੰਘ ਮਾਨ ਦੀ ਸਾਰੀ ਸਿਆਸਤ ਸਿਰਫ਼ ਉਕਸਾਵੇ, ਵਿਵਾਦ ਅਤੇ ਨੌਜਵਾਨਾਂ ਨੂੰ ਭਟਕਾਉਣ 'ਤੇ ਟਿਕੀ ਰਹੀ ਹੈ। ਅੱਜ ਤੱਕ ਮਾਨ ਨੇ ਸਿੱਖ ਕੌਮ ਜਾਂ ਪੰਜਾਬ ਲਈ ਕੋਈ ਢੰਗ ਦੀ ਪ੍ਰਾਪਤੀ ਨਹੀਂ ਕੀਤੀ। ਉਹ ਸਿਰਫ਼ ਵਿਦੇਸ਼ੀ ਧਰਤੀ 'ਤੇ ਬੈਠੇ ਰੈਡੀਕਲ ਤੱਤਾਂ ਦੇ ਇਸ਼ਾਰਿਆਂ 'ਤੇ ਬਿਆਨਬਾਜ਼ੀ ਕਰਕੇ ਆਪਣੀ ਸਿਆਸੀ ਰੋਟੀ ਸੇਕਦੇ ਰਹੇ ਹਨ। ਮਾਨ 'ਤੇ ਪਹਿਲਾਂ ਵੀ ਕਥਿਤ ਵਿਦੇਸ਼ੀ ਏਜੰਸੀਆਂ ਨਾਲ ਮਿਲ ਕੇ ਕੰਮ ਕਰਨ ਅਤੇ ਵਿਦੇਸ਼ੀ ਫੰਡਾਂ ਦੇ ਆਸਰੇ ਸਿਆਸਤ ਕਰਨ ਦੇ ਦੋਸ਼ ਲੱਗਦੇ ਰਹੇ ਹਨ।

ਵਿਦੇਸ਼ਾਂ ਵਿੱਚ ਬੈਠੇ ਕੁਝ ਰੈਡੀਕਲ ਤੱਤਾਂ ਤੋਂ ਫੰਡ ਲੈ ਕੇ ਆਪਣੀਆਂ ਨਿੱਜੀ ਅਤੇ ਸਿਆਸੀ ਲੋੜਾਂ ਪੂਰੀਆਂ ਕਰਨ ਵਾਲੇ ਲੋਕ ਪੰਜਾਬ ਦਾ ਭਲਾ ਕੀ ਕਰ ਸਕਦੇ ਹਨ?



ਪੰਜਾਬ ਦੇ ਲੋਕ ਹੁਣ ਅਜਿਹੀ ਜ਼ਹਿਰੀਲੀ ਅਤੇ ਵੰਡ ਪੈਦਾ ਕਰਨ ਵਾਲੀ ਸਿਆਸਤ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਅਜਿਹੇ ਤੱਤਾਂ ਨੂੰ ਮੂੰਹ-ਤੋੜ ਜਵਾਬ ਦੇਣਗੇ। ਪੰਜਾਬ ਨੂੰ ਅੱਜ ਵਿਕਾਸ, ਨੌਜਵਾਨਾਂ ਲਈ ਰੋਜ਼ਗਾਰ, ਨਸ਼ੇ ਅਤੇ ਗੈਂਗਸਟਰਵਾਦ ਤੋਂ ਮੁਕਤੀ ਦੀ ਲੋੜ ਹੈ, ਨਾ ਕਿ ਮਾਨ ਵਰਗੇ ਲੋਕਾਂ ਦੇ ਭੜਕਾਊ ਬਿਆਨਾਂ ਦੀ। ਮਾਨ ਦੇ ਬਿਆਨ ਉਸ ਦੀ ਸੋਚ, ਇਤਿਹਾਸ ਅਤੇ ਰਾਸ਼ਟਰ ਵਿਰੋਧੀ ਰੁਝਾਨ ਨੂੰ ਬੇਨਕਾਬ ਕਰਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁਰੂ ਤੋਂ ਹੀ ਸਪਸ਼ਟ ਕੀਤਾ ਹੈ ਕਿ ਭਾਰਤ ਅੱਤਵਾਦ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ। ਮੋਦੀ ਸਰਕਾਰ ਦੀ ਨੀਤੀ ਰਹੀ ਹੈ ਕਿ "ਦਹਿਸ਼ਤਗਰਦੀ ਅਤੇ ਉਸ ਦੇ ਪੋਸ਼ਕਾਂ ਨੂੰ ਉਹਨਾਂ ਦੀ ਹੀ ਭਾਸ਼ਾ ਵਿੱਚ ਜਵਾਬ ਦਿੱਤਾ ਜਾਵੇਗਾ।"

ਮੋਦੀ ਸਰਕਾਰ ਦਾ ਰਵੱਈਆ ਸਪਸ਼ਟ ਹੈ ਕਿ ਜਦ ਤੱਕ ਪਾਕਿਸਤਾਨ ਆਪਣੀ ਧਰਤੀ ਤੋਂ ਚੱਲ ਰਹੀ ਦਹਿਸ਼ਤਗਰਦੀ ਦੀ ਫੈਕਟਰੀ ਬੰਦ ਨਹੀਂ ਕਰਦਾ, ਤਦ ਤੱਕ ਉਸ ਨੂੰ ਵਿਸ਼ਵ ਮੰਚਾਂ 'ਤੇ ਬੇਨਕਾਬ ਕੀਤਾ ਜਾਂਦਾ ਰਹੇਗਾ।

ਜੇ ਪਾਕਿਸਤਾਨ ਅਤੇ ਉਸ ਦੇ ਫ਼ੌਜੀ ਆਕਾ ਜਨਰਲ ਅਸੀਮ ਮੁਨੀਰ ਭਾਰਤ ਦੀ ਅਖੰਡਤਾ ਨਾਲ ਖੇਡਣ ਦੀ ਕੋਸ਼ਿਸ਼ ਕਰਨਗੇ, ਤਾਂ ਨਵਾਂ ਭਾਰਤ ਘਰ ਵਿੱਚ ਘੁੱਸ ਕੇ ਵੀ ਜਵਾਬ ਦੇਣ ਦੀ ਸਮਰੱਥਾ ਅਤੇ ਇਰਾਦਾ ਰੱਖਦਾ ਹੈ। ਸਿਮਰਨਜੀਤ ਸਿੰਘ ਮਾਨ ਵੱਲੋਂ ਅਸੀਮ ਮੁਨੀਰ ਜਿਹੇ ਵਿਅਕਤੀ ਦੀ ਹਿਮਾਇਤ ਕਰਨਾ ਪੰਜਾਬ, ਭਾਰਤ ਅਤੇ ਸ਼ਹੀਦਾਂ ਦੀ ਕੁਰਬਾਨੀ ਨਾਲ ਵਿਸ਼ਵਾਸਘਾਤ ਹੈ।

# ਭਾਰਤ-ਨਿਊਜ਼ੀਲੈਂਡ ਵਿਚਾਲੇ ਇਤਿਹਾਸਕ ਮੁਕਤ ਵਪਾਰ ਸਮਝੌਤਾ ਸਹੀਬੱਧ

## ਵਪਾਰਕ ਸਬੰਧਾਂ 'ਚ ਨਵੇਂ ਯੁੱਗ ਦੀ ਸ਼ੁਰੂਆਤ !

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਅੱਜ ਮੁਕਤ ਵਪਾਰ ਸਮਝੌਤਾ ਸਹੀਬੱਧ ਹੋ ਗਿਆ ਹੈ।ਜੋ ਵਪਾਰ, ਨਿਵੇਸ਼ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਵਿਆਪਕ ਬਦਲਾਅ ਲਿਆਉਣ ਵਾਲਾ ਹੈ। ਵਣਜ ਮੰਤਰੀ ਪੀਯੂਸ਼ ਗੋਇਲ ਅਤੇ ਨਿਊਜ਼ੀਲੈਂਡ ਦੇ ਉਨ੍ਹਾਂ ਦੇ ਹਮਰੁਤਬਾ ਟੌਡ ਮੈਕਲੇ ਦੀ ਮੌਜੂਦਗੀ ਵਿੱਚ ਇਸ ਮਹੱਤਵਪੂਰਨ ਸਮਝੌਤੇ ਨੂੰ ਅਧਿਕਾਰਤ ਰੂਪ ਦਿੱਤਾ ਗਿਆ। ਇਹ ਸਮਝੌਤਾ ਭਾਰਤੀ ਅਰਥਵਿਵਸਥਾ ਅਤੇ ਨਿਰਯਾਤਕਾਂ ਲਈ ਵਿਸ਼ਵ ਬਾਜ਼ਾਰ ਵਿੱਚ ਇੱਕ ਵੱਡੀ ਕੂਟਨੀਤਕ ਅਤੇ ਆਰਥਿਕ ਜਿੱਤ ਮੰਨਿਆ ਜਾ ਰਿਹਾ ਹੈ।ਹੁਣ ਭਾਰਤ ਤੋਂ ਨਿਊਜ਼ੀਲੈਂਡ ਭੇਜੇ ਜਾਣ ਵਾਲੇ ਚਮੜੇ ਦੇ ਉਤਪਾਦ , ਟੈਕਸਟਾਈਲ, ਪਲਾਸਟਿਕ ਅਤੇ ਇੰਜੀਨੀਅਰਿੰਗ ਵਸਤਾਂ ਵਰਗੇ ਸਾਮਾਨ 'ਤੇ ਕੋਈ ਐਕਸਪੋਰਟ ਡਿਊਟੀ ਨਹੀਂ ਲੱਗੇਗੀ। ਇਸ ਨਾਲ




ਕਿਰਤ-ਪ੍ਰਧਾਨ ਖੇਤਰਾਂਨੂੰ ਸਿੱਧਾ ਲਾਭ ਹੋਵੇਗਾ।ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਇਸ ਨੂੰ ਭਾਰਤ-ਨਿਊਜ਼ੀਲੈਂਡ ਆਰਥਿਕ ਸਬੰਧਾਂ ਵਿੱਚ ਨਵੇਂ ਅਧਿਆਏ ਦੀ ਸ਼ੁਰੂਆਤ ਕਰਾਰ ਦਿੱਤਾ ਹੈ। ਪੀਯੂਸ਼ ਗੋਇਲ ਨੇ ਕਿਹਾ ਕਿ ਇਹ ਢਠਅ ਭਰੋਸੇ, ਸਾਂਝੀਆਂ ਕਦਰਾਂ-ਕੀਮਤਾਂ ਅਤੇ ਟਿਕਾਊ ਆਰਥਿਕ ਵਿਕਾਸ ਦੇ ਸਾਂਝੇ ਵਿਜ਼ਨ ਨੂੰ ਦਰਸਾਉਂਦਾ ਹੈ। ਇਹ ਸਮਝੌਤਾ ਭਾਰਤ ਲਈ ਓਸ਼ੀਨੀਆ ਅਤੇ ਪ੍ਰਸ਼ਾਂਤ ਟਾਪੂ ਬਾਜ਼ਾਰਾਂ ਤੱਕ ਪਹੁੰਚਣ ਦਾ ਇੱਕ ਗੇਟਵੇ ਵੀ ਬਣੇਗਾ।ਦੱਸ ਦਈਏ ਕਿ, ਵਰਤਮਾਨ ਵਿੱਚ ਨਿਊਜ਼ੀਲੈਂਡ ਵੱਲੋਂ ਭਾਰਤ ਤੋਂ ਨਿਰਯਾਤ ਕੀਤੇ ਜਾਣ ਵਾਲੇ ਲਗਭਗ 450 ਉਤਪਾਦਾਂ 'ਤੇ 10 ਫੀਸਦੀ ਟੈਕਸ ਲਗਾਇਆ ਜਾਂਦਾ ਸੀ। ਨਵੇਂ ਸਮਝੌਤੇ ਤਹਿਤ ਇਹ ਸ਼ੁਲਕ ਖ਼ਤਮ ਹੋ ਜਾਵੇਗਾ, ਜਿਸ ਨਾਲ ਭਾਰਤੀ ਕੱਪੜਾ ਅਤੇ ਪਹਿਰਾਵਾ, ਚਮੜਾ ਉਦਯੋਗ, ਟੋਪੀਆਂ, ਚੀਨੀ ਮਿੱਟੀ ਦੇ ਬਰਤਨ, ਕਾਲੀਨ, ਅਤੇ ਵਾਹਨ ਤੇ ਉਨ੍ਹਾਂ ਦੇ ਪੁਰਜ਼ਿਆਂ ਦੇ ਨਿਰਯਾਤ ਨੂੰ ਭਾਰੀ ਹੁਲਾਰਾ ਮਿਲੇਗਾ।

# RAKHI ISRANI

## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ
## ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ।
ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**

# MANI GREWAL

## STANISLAUS COUNTY | DISTRICT 4
## SUPERVISOR

ਸਤ ਸ੍ਰੀ ਅਕਾਲ ਜੀ

**Stanislaus County Supervisor District-4**
ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ




Business Administration ਵਿੱਚ
Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**
**ਸਤ ਸ਼੍ਰੀ ਅਕਾਲ ਜੀ**

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਜਸਟਿਸ ਸਵਰਨਕਾਂਤਾ ਸ਼ਰਮਾ ਤੋਂ ਨਿਆਂ ਦੀ ਉਮੀਦ ਖਤਮ, ਮੈਂ ਨਾ ਉਨ੍ਹਾਂ ਸਾਹਮਣੇ ਪੇਸ਼ ਹੋਵਾਂਗਾ ਅਤੇ ਨਾ ਹੀ ਦਲੀਲ ਦੇਵਾਂਗਾ- ਕੇਜਰੀਵਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਜੋਜਕ ਅਰਵਿੰਦ ਕੇਜਰੀਵਾਲ ਨੇ ਜੱਜ ਸਵਰਨਕਾਂਤਾ ਸ਼ਰਮਾ ਦੀ ਅਦਾਲਤ ਵਿੱਚ ਚੱਲ ਰਹੇ ਆਪਣੇ ਕੇਸ ਵਿੱਚ ਨਾ ਪੇਸ਼ ਹੋਣ ਅਤੇ ਨਾ ਹੀ ਕੋਈ ਦਲੀਲ ਰੱਖਣ ਦਾ ਵੱਡਾ ਫੈਸਲਾ ਲਿਆ ਹੈ। ਸੋਮਵਾਰ ਨੂੰ ਉਨ੍ਹਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਜਸਟਿਸ ਸਵਰਨਕਾਂਤਾ ਸ਼ਰਮਾ ਤੋਂ ਨਿਆਂ ਮਿਲਣ ਦੀ ਮੇਰੀ ਉਮੀਦ ਟੁੱਟ ਚੁੱਕੀ ਹੈ। ਇਸ ਲਈ ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਦੇ ਹੋਏ, ਗਾਂਧੀ ਜੀ ਦੇ ਸਿਧਾਂਤਾਂ ਨੂੰ ਮੰਨਦੇ ਹੋਏ ਅਤੇ ਸੱਤਿਆਗ੍ਰਹਿ ਦੀ ਭਾਵਨਾ ਨਾਲ, ਮੈਂ ਫੈਸਲਾ ਕੀਤਾ ਹੈ ਕਿ ਮੈਂ ਇਸ ਕੇਸ ਵਿੱਚ ਉਨ੍ਹਾਂ ਦੇ ਸਾਹਮਣੇ ਪੇਸ਼ ਨਹੀਂ ਹੋਵਾਂਗਾ ਅਤੇ ਕੋਈ ਦਲੀਲ ਵੀ ਨਹੀਂ ਰੱਖਾਂਗਾ। ਇਸ ਸਬੰਧੀ ਮੈਂ ਉਨ੍ਹਾਂ ਨੂੰ ਇਕ ਪੱਤਰ ਲਿਖ ਕੇ ਸੂਚਿਤ ਵੀ ਕਰ ਦਿੱਤਾ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਂ ਹਿੱਤਾਂ ਦੇ ਟਕਰਾਅ ਕਾਰਨ ਜੱਜ ਸਵਰਨਕਾਂਤਾ ਸ਼ਰਮਾ ਨੂੰ ਮੇਰੇ ਕੇਸ ਤੋਂ ਖੁਦ ਹਟਣ ਦੀ ਬੇਨਤੀ ਕੀਤੀ ਸੀ, ਪਰ ਉਨ੍ਹਾਂ ਨੇ ਖੁਦ ਹੀ ਮੇਰੇ ਕੇਸ ਨੂੰ ਸੁਣਨ ਦਾ ਫੈਸਲਾ ਕੀਤਾ। ਇਸ ਕੇਸ ਵਿੱਚ ਜਸਟਿਸ ਸਵਰਨਕਾਂਤਾ ਸ਼ਰਮਾ ਜੋ ਵੀ ਫੈਸਲਾ ਸੁਣਾਉਣਗੇ, ਉਸ 'ਤੇ ਮੈਂ ਆਪਣੇ ਕਾਨੂੰਨੀ ਅਧਿਕਾਰ ਦੀ ਵਰਤੋਂ ਕਰਨ ਲਈ ਸੁਤੰਤਰ ਹਾਂ। ਇਸ ਦੇ ਨਾਲ ਹੀ ਉਨ੍ਹਾਂ ਸਪੱਸ਼ਟ ਕੀਤਾ ਕਿ ਮੈਨੂੰ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ ਅਤੇ ਮੈਂ ਉਸ ਦਾ ਪੂਰਾ ਸਤਿਕਾਰ ਕਰਦਾ ਹਾਂ, ਕਿਉਂਕਿ ਜਦੋਂ ਮੇਰੇ ਖਿਲਾਫ ਸਾਜ਼ਿਸ਼ਾਂ ਹੋਈਆਂ ਤਾਂ ਨਿਆਂਪਾਲਿਕਾ ਨੇ ਹੀ ਮੈਨੂੰ ਦੋਸ਼ ਮੁਕਤ ਕਰਕੇ ਨਿਆਂ ਦਿੱਤਾ ਸੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ, ਜਦੋਂ ਜਿੱਤ ਜਾਂ ਹਾਰ ਮਾਇਨੇ ਨਹੀਂ ਰੱਖਦੀ। ਉਸ ਤੋਂ ਵੀ ਵੱਡਾ ਸਹੀ ਅਤੇ ਗਲਤ ਦਾ ਸਵਾਲ ਹੋ ਜਾਂਦਾ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ। ਅਜਿਹੇ ਸਮੇਂ ਸਾਨੂੰ ਇਹ ਤੈਅ ਕਰਨਾ ਹੁੰਦਾ ਹੈ ਕਿ ਅਸੀਂ ਔਖਾ ਰਸਤਾ ਚੁਣਾਂਗੇ ਜਾਂ ਸੌਖਾ। ਅੱਜ ਮੈਂ ਵੀ ਅਜਿਹੇ ਮੋੜ 'ਤੇ ਖੜ੍ਹਾ ਹਾਂ। ਸਭ ਜਾਣਦੇ ਹਨ ਕਿ ਮੈਨੂੰ ਇੱਕ ਝੂਠੇ ਕੇਸ ਵਿੱਚ ਫਸਾਇਆ ਗਿਆ। ਮੈਨੂੰ ਜੇਲ੍ਹ ਭੇਜ ਦਿੱਤਾ ਗਿਆ। ਇੱਕ ਚੁਣੀ ਹੋਈ ਸਰਕਾਰ ਨੂੰ ਗਲਤ ਤਰੀਕੇ ਨਾਲ ਡੇਗ ਦਿੱਤਾ ਗਿਆ। ਸਾਨੂੰ ਕਈ ਮਹੀਨੇ ਜੇਲ੍ਹ ਵਿੱਚ ਰੱਖਿਆ ਗਿਆ, ਪਰ ਆਖਰਕਾਰ ਸੱਚ ਦੀ ਜਿੱਤ ਹੋਈ। 27 ਫਰਵਰੀ ਨੂੰ ਅਦਾਲਤ ਨੇ ਮੈਨੂੰ ਪੂਰੀ ਤਰ੍ਹਾਂ ਨਿਰਦੋਸ਼ ਘੋਸ਼ਿਤ ਕਰ ਦਿੱਤਾ। ਕੋਰਟ ਨੇ ਕਿਹਾ ਕਿ ਕੇਜਰੀਵਾਲ ਨਿਰਦੋਸ਼ ਹੈ ਅਤੇ ਕੇਜਰੀਵਾਲ ਨੇ ਕੋਈ ਭ੍ਰਿਸ਼ਟਾਚਾਰ ਨਹੀਂ ਕੀਤਾ ਹੈ।

ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਅਦਾਲਤ ਨੇ ਸੀਬੀਆਈ ਦੀ ਜਾਂਚ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਅਤੇ ਜਾਂਚ ਅਧਿਕਾਰੀ ਦੇ ਖਿਲਾਫ ਕਾਰਵਾਈ ਕਰਨ ਦੇ ਹੁਕਮ ਦੇ ਦਿੱਤੇ। ਪਰ ਸੱਚ ਦਾ ਰਸਤਾ ਆਸਾਨ ਨਹੀਂ ਹੁੰਦਾ। ਸੀ.ਬੀ.ਆਈ. ਨੇ ਤੁਰੰਤ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਇਹ ਕੇਸ ਜਸਟਿਸ ਸਵਰਨਕਾਂਤਾ ਸ਼ਰਮਾ ਦੇ ਸਾਹਮਣੇ ਲੱਗ ਗਿਆ। ਉਦੋਂ ਮੇਰੇ ਮਨ ਵਿੱਚ ਇੱਕ ਬਹੁਤ ਵੱਡਾ ਸਵਾਲ ਉੱਠਿਆ ਕਿ ਕੀ ਉਨ੍ਹਾਂ ਦੇ ਸਾਹਮਣੇ ਮੈਨੂੰ ਨਿਆਂ ਮਿਲੇਗਾ? ਮੇਰੇ ਮਨ ਵਿੱਚ ਇਹ ਪ੍ਰਸ਼ਨ ਕਿਉਂ ਆਇਆ, ਇਸ ਦੇ ਕਈ ਕਾਰਨ ਹਨ, ਪਰ ਦੋ ਮੁੱਖ ਕਾਰਨ ਹਨ। ਪਹਿਲਾ ਕਾਰਨ ਇਹ ਹੈ ਕਿ ਆਰਐਸਐਸ ਦੀ ਜਿਸ ਵਿਚਾਰਧਾਰਾ ਵਾਲੀ ਸਰਕਾਰ ਨੇ ਝੂਠੇ ਇਲਜ਼ਾਮ



ਲਗਾ ਕੇ ਮੈਨੂੰ ਜੇਲ੍ਹ ਪਾਇਆ, ਜੱਜ ਸਾਹਿਬਾ ਨੇ ਖੁਦ ਮੰਨਿਆ ਹੈ ਕਿ ਉਹ ਉਸ ਵਿਚਾਰਧਾਰਾ ਨਾਲ ਜੁੜੇ ਸੰਗਠਨ 'ਅਖਿਲ ਭਾਰਤੀ ਅਧਿਵਕਤਾ ਪ੍ਰੀਸ਼ਦ' ਦੇ ਮੰਚਾਂ 'ਤੇ ਕਈ ਵਾਰ ਜਾਂਦੀ ਰਹੀ ਹੈ। ਮੈਂ ਅਤੇ ਆਮ ਆਦਮੀ ਪਾਰਟੀ ਉਸ ਵਿਚਾਰਧਾਰਾ ਦੇ ਕੱਟੜ ਵਿਰੋਧੀ ਹਾਂ। ਅਜਿਹੇ ਵਿੱਚ ਕੀ ਉਨ੍ਹਾਂ ਦੇ ਸਾਹਮਣੇ ਮੈਨੂੰ ਨਿਆਂ ਮਿਲ ਸਕਦਾ ਹੈ?ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੂਜਾ ਕਾਰਨ ਹਿੱਤਾਂ ਦਾ ਟਕਰਾਅ ਹੈ। ਅਦਾਲਤ ਵਿੱਚ ਮੇਰੇ ਵਿਰੋਧ ਵਿੱਚ ਕੇਂਦਰ ਸਰਕਾਰ ਦੀ ਸੀਬੀਆਈ ਹੈ ਅਤੇ ਜਸਟਿਸ ਸਵਰਨਕਾਂਤਾ ਸ਼ਰਮਾ ਦੇ ਦੋਵੇਂ ਬੱਚੇ ਕੇਂਦਰ ਸਰਕਾਰ ਵਿੱਚ ਕੰਮ ਕਰਦੇ ਹਨ। ਉਨ੍ਹਾਂ ਦੇ ਦੋਵੇਂ ਬੱਚੇ ਕੇਂਦਰ ਸਰਕਾਰ ਦੇ ਵਕੀਲਾਂ ਦੇ ਪੈਨਲ ਵਿੱਚ ਹਨ। ਸਾਡੇ ਸਾਹਮਣੇ ਕੋਰਟ ਵਿੱਚ ਦੂਜੇ ਪਾਸੇ ਵਕੀਲ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਹਨ। ਤੁਸ਼ਾਰ ਮਹਿਤਾ ਦੋਵਾਂ ਬੱਚਿਆਂ ਨੂੰ ਕੇਸ ਦਿੰਦੇ ਹਨ। ਉਨ੍ਹਾਂ ਨੂੰ ਕਿੰਨੇ ਕੇਸ ਮਿਲਣਗੇ, ਕਿਹੜੇ ਕੇਸ ਮਿਲਣਗੇ, ਇਹ ਤੁਸ਼ਾਰ ਮਹਿਤਾ ਤੈਅ ਕਰਦੇ ਹਨ। ਭਾਰਤ ਸਰਕਾਰ ਦੇ ਪੈਨਲ ਵਿੱਚ ਲਗਭਗ 700 ਦੇ ਕਰੀਬ ਵਕੀਲ ਹਨ, ਪਰ ਜਸਟਿਸ ਸਵਰਨਕਾਂਤਾ ਸ਼ਰਮਾ ਦੇ ਬੇਟੇ ਸਭ ਤੋਂ ਵੱਧ ਕੇਸ ਪਾਉਣ ਵਾਲੇ ਵਕੀਲਾਂ ਵਿੱਚੋਂ ਇੱਕ ਹਨ। ਉਨ੍ਹਾਂ ਦੇ ਬੇਟੇ ਨੂੰ 2023 ਤੋਂ 2025 ਦੇ ਵਿਚਕਾਰ ਲਗਭਗ 5,904 ਕੇਸ ਮਿਲੇ। ਇਸ ਨਾਲ ਉਨ੍ਹਾਂ ਦੇ ਬੇਟੇ ਨੂੰ ਕਰੋੜਾਂ ਰੁਪਏ ਦੀ ਫੀਸ ਮਿਲੀ। ਅੱਜ ਦੀ ਤਰੀਕ ਵਿੱਚ ਉਨ੍ਹਾਂ ਬੱਚਿਆਂ ਦਾ ਭਵਿੱਖ ਅਤੇ ਕਮਾਈ ਦੋਵੇਂ ਕਾਫੀ ਹੱਦ ਤੱਕ ਤੁਸ਼ਾਰ ਮਹਿਤਾ 'ਤੇ ਨਿਰਭਰ ਹੈ। ਤਾਂ ਕਿਸੇ ਦੇ ਵੀ ਮਨ ਵਿੱਚ ਇਹ ਚਿੰਤਾ ਸੁਭਾਵਿਕ ਹੈ ਕਿ ਜੇਕਰ ਜੱਜ ਸਾਹਿਬਾ ਦੇ ਬੱਚਿਆਂ ਦੀ ਕਮਾਈ ਅਤੇ ਉਨ੍ਹਾਂ ਦਾ ਭਵਿੱਖ ਸਾਹਮਣੇ ਖੜ੍ਹਾ ਵਕੀਲ ਤੈਅ ਕਰ ਰਿਹਾ ਹੈ, ਤਾਂ ਕੀ ਜੱਜ ਸਾਹਿਬਾ ਉਸ ਵਕੀਲ ਦੇ ਖਿਲਾਫ ਫੈਸਲਾ ਦੇ ਸਕਣਗੇ?ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ। ਮੈਂ ਨਿਆਂਪਾਲਿਕਾ ਦਾ ਬਹੁਤ ਸਤਿਕਾਰ ਕਰਦਾ ਹਾਂ। ਜਦੋਂ ਮੇਰੇ ਖਿਲਾਫ ਗਲਤ ਸਾਜ਼ਿਸ਼ ਹੋਈ ਤਾਂ ਸਾਡੇ ਦੇਸ਼ ਦੀ ਨਿਆਂਪਾਲਿਕਾ ਨੇ ਹੀ ਮੈਨੂੰ ਨਿਆਂ ਦਿੱਤਾ ਸੀ। ਜਦੋਂ ਮੈਨੂੰ ਝੂਠੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਤਾਂ ਇਸੇ ਨਿਆਂਪਾਲਿਕਾ ਨੇ ਮੈਨੂੰ ਜ਼ਮਾਨਤ (ਬੇਲ) ਦਿੱਤੀ ਸੀ। ਇਸੇ ਨਿਆਂਪਾਲਿਕਾ ਨੇ ਮੈਨੂੰ ਉਸੇ ਝੂਠੇ ਕੇਸ ਵਿੱਚ ਦੋਸ਼ ਮੁਕਤ ਕਰਾਰ ਦਿੱਤਾ ਹੈ। ਪਿਛਲੇ 75 ਸਾਲਾਂ ਵਿੱਚ ਜਦੋਂ-ਜਦੋਂ ਦੇਸ਼ 'ਤੇ ਆਂਚ ਆਈ, ਸਾਡੇ ਦੇਸ਼ ਦੀ ਨਿਆਂਪਾਲਿਕਾ ਨੇ ਦੇਸ਼ ਨੂੰ ਬਚਾਇਆ ਅਤੇ ਨਾਗਰਿਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ। ਮੈਂ ਜਸਟਿਸ ਸਵਰਨਕਾਂਤਾ ਸ਼ਰਮਾ ਦਾ ਵੀ ਬਹੁਤ ਸਤਿਕਾਰ ਕਰਦਾ ਹਾਂ। ਮੈਨੂੰ ਉਨ੍ਹਾਂ ਜਾਂ ਉਨ੍ਹਾਂ ਦੇ ਪਰਿਵਾਰ ਤੋਂ ਕਿਸੇ ਵੀ ਕਿਸਮ ਦਾ ਕੋਈ ਨਿੱਜੀ ਇਤਰਾਜ਼ ਨਹੀਂ ਹੈ। ਪਰ ਨਿਆਂ ਦਾ ਇੱਕ ਬਹੁਤ ਵੱਡਾ ਸਿਧਾਂਤ ਹੈ ਕਿ ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਸਗੋਂ ਹੁੰਦਾ ਹੋਇਆ ਦਿਖਣਾ ਵੀ ਚਾਹੀਦਾ ਹੈ। ਇਸ ਲਈ ਮੈਂ ਜਸਟਿਸ ਸਵਰਨਕਾਂਤਾ ਸ਼ਰਮਾ ਨੂੰ ਪੂਰੇ ਸਤਿਕਾਰ ਨਾਲ ਬੇਨਤੀ ਕੀਤੀ ਸੀ ਕਿ ਉਹ ਹਿੱਤਾਂ ਦੇ ਟਕਰਾਅ ਵਰਗੇ ਕਾਰਨਾਂ ਕਰਕੇ ਇਸ ਕੇਸ ਤੋਂ ਖੁਦ ਨੂੰ ਵੱਖ ਕਰ ਲੈਣ। ਪਰ ਉਨ੍ਹਾਂ ਨੇ ਮੇਰੀਆਂ ਦਲੀਲਾਂ ਖਾਰਜ ਕਰ ਦਿੱਤੀਆਂ ਅਤੇ ਫੈਸਲਾ ਦਿੱਤਾ ਕਿ ਉਹ ਖੁਦ ਹੀ ਇਹ ਕੇਸ ਸੁਣਨਗੇ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਮੇਰੇ ਸਾਹਮਣੇ ਸਭ ਤੋਂ ਆਸਾਨ ਰਸਤਾ ਹੈ ਕਿ ਮੈਂ ਉਨ੍ਹਾਂ ਦਾ ਹੁਕਮ ਮੰਨ ਲਵਾਂ ਅਤੇ ਇੱਕ ਵੱਡਾ ਵਕੀਲ ਖੜ੍ਹਾ ਕਰਕੇ ਉਨ੍ਹਾਂ ਦੇ ਸਾਹਮਣੇ ਆਪਣਾ ਕੇਸ ਲੜਾਂ। ਪਰ ਇਹ ਮੁੱਦਾ ਹੁਣ ਸਿਰਫ਼ ਮੇਰੇ ਕੇਸ ਦਾ ਨਹੀਂ ਹੈ, ਸਗੋਂ ਆਮ ਲੋਕਾਂ ਦੇ ਨਿਆਂ ਪ੍ਰਣਾਲੀ 'ਤੇ ਭਰੋਸੇ ਦਾ ਹੈ। ਅਜਿਹੀ ਦੁਬਿਧਾ ਦੇ ਮੌਕੇ 'ਤੇ ਬਾਪੂ ਨੇ ਸਾਨੂੰ ਸੱਤਿਆਗ੍ਰਹਿ ਦਾ ਰਸਤਾ ਦਿਖਾਇਆ ਹੈ। ਬਾਪੂ ਨੇ ਕਿਹਾ ਸੀ ਕਿ ਜਦੋਂ ਵੀ ਕਿਸੇ ਬੇਇਨਸਾਫ਼ੀ ਦਾ ਸਾਹਮਣਾ ਕਰੋ ਤਾਂ ਉਸ ਦਾ ਪਹਿਲਾ ਕਦਮ ਵਿਰੋਧ ਨਹੀਂ, ਸਗੋਂ ਗੱਲਬਾਤ ਹੋਣਾ ਚਾਹੀਦਾ ਹੈ। ਆਪਣੀ ਗੱਲ ਬੇਇਨਸਾਫ਼ੀ ਕਰਨ ਵਾਲੇ ਦੇ ਸਾਹਮਣੇ ਪੂਰੀ ਨਿਮਰਤਾ ਨਾਲ ਰੱਖਣੀ ਚਾਹੀਦੀ ਹੈ ਅਤੇ ਉਸ ਨੂੰ ਸੁਧਾਰਨ ਦਾ ਪੂਰਾ ਮੌਕਾ ਦੇਣਾ ਚਾਹੀਦਾ ਹੈ। ਸਾਰੀਆਂ ਕੋਸ਼ਿਸ਼ਾਂ ਦੇ ਬਾਅਦ ਵੀ ਜੇਕਰ ਨਿਆਂ ਨਾ ਮਿਲੇ ਤਾਂ ਅੰਤਰ-ਆਤਮਾ ਦੀ ਆਵਾਜ਼ ਸੁਣੋ। ਜੇਕਰ ਅੰਤਰ-ਆਤਮਾ ਦੀ ਆਵਾਜ਼ ਕਹਿੰਦੀ ਹੈ ਕਿ ਨਿਆਂ ਨਹੀਂ ਹੋਇਆ ਤਾਂ ਸ਼ਾਂਤੀ ਅਤੇ ਨਿਮਰਤਾ ਨਾਲ ਸੱਤਿਆਗ੍ਰਹਿ ਕਰਨਾ ਚਾਹੀਦਾ ਹੈ। ਫਿਰ ਉਸ ਦੇ ਜੋ ਵੀ ਨਤੀਜੇ ਹੋਣ, ਉਹ ਖਿੜੇ ਮੱਥੇ ਪ੍ਰਵਾਨ ਕਰਨੇ ਚਾਹੀਦੇ ਹਨ। ਪਰ ਇਸ ਪੂਰੇ ਘਟਨਾਕ੍ਰਮ ਵਿੱਚ ਬੇਇਨਸਾਫ਼ੀ ਕਰਨ ਵਾਲੇ ਵਿਅਕਤੀ ਪ੍ਰਤੀ ਕਿਸੇ ਵੀ ਕਿਸਮ ਦੀ ਨਫ਼ਰਤ ਜਾਂ ਗੁੱਸਾ ਨਹੀਂ ਹੋਣਾ ਚਾਹੀਦਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਂ ਵੀ ਗੱਲਬਾਤ ਨਾਲ ਸ਼ੁਰੂਆਤ ਕੀਤੀ। ਪੂਰੀ ਨਿਸ਼ਠਾ ਅਤੇ ਨਿਮਰਤਾ ਨਾਲ ਜਸਟਿਸ ਸਵਰਨਕਾਂਤਾ ਸ਼ਰਮਾ ਦੇ ਸਾਹਮਣੇ ਆਪਣੀ ਗੱਲ ਰੱਖੀ। ਉਨ੍ਹਾਂ ਨੂੰ ਇਸ ਕੇਸ ਤੋਂ ਵੱਖ ਹੋਣ ਲਈ ਬੇਨਤੀ ਕੀਤੀ। ਮੈਂ ਗੁਜ਼ਾਰਿਸ਼ ਕੀਤੀ ਕਿ ਮੇਰਾ ਕੇਸ ਹਾਈ ਕੋਰਟ ਦੇ ਕਿਸੇ ਵੀ ਹੋਰ ਜੱਜ ਦੁਆਰਾ ਸੁਣ ਲਿਆ ਜਾਵੇ। ਪਰ ਉਨ੍ਹਾਂ ਨੇ ਮੇਰੀ ਪ੍ਰਾਰਥਨਾ ਅਸਵੀਕਾਰ ਕਰ ਦਿੱਤੀ। ਉਨ੍ਹਾਂ ਨੇ ਫੈਸਲਾ ਦਿੱਤਾ ਕਿ ਉਹ ਆਪਣੇ ਆਪ ਨੂੰ ਇਸ ਮਾਮਲੇ ਤੋਂ ਵੱਖ ਨਹੀਂ ਕਰਨਗੇ ਅਤੇ ਇਹ ਕੇਸ ਉਹ ਖੁਦ ਹੀ ਸੁਣਨਗੇ। ਉਨ੍ਹਾਂ ਵੱਲੋਂ ਦਿੱਤੇ ਗਏ ਇਸ ਫੈਸਲੇ ਨਾਲ ਮੈਂ ਪੂਰੀ ਨਿਮਰਤਾ ਸਹਿਤ ਅਸਹਿਮਤ ਹਾਂ। ਇਸ ਪੂਰੇ ਘਟਨਾਕ੍ਰਮ ਤੋਂ ਬਾਅਦ ਮੇਰਾ ਖਦਸ਼ਾ ਹੋਰ ਡੂੰਘਾ ਹੋ ਗਿਆ ਹੈ ਕਿ ਕੀ ਉਨ੍ਹਾਂ ਸਾਹਮਣੇ ਮੈਨੂੰ ਨਿਆਂ ਮਿਲੇਗਾ? ਬਾਪੂ ਦੇ ਦਿਖਾਏ ਰਸਤੇ 'ਤੇ ਚੱਲਦੇ ਹੋਏ ਸੱਤਿਆਗ੍ਰਹਿ ਦੀ ਭਾਵਨਾ ਨਾਲ ਹੁਣ ਮੈਂ ਫੈਸਲਾ ਕੀਤਾ ਹੈ ਕਿ ਮੈਂ ਇਸ ਕੇਸ ਵਿੱਚ ਜਸਟਿਸ ਸਵਰਨਕਾਂਤਾ ਸ਼ਰਮਾ ਦੀ ਅਦਾਲਤ ਵਿੱਚ ਨਾ ਤਾਂ ਖੁਦ ਪੇਸ਼ ਹੋਵਾਂਗਾ ਅਤੇ ਨਾ ਹੀ ਮੇਰੀ ਤਰਫੋਂ ਕੋਈ ਵਕੀਲ ਪੈਰਵੀ ਕਰੇਗਾ। ਜਸਟਿਸ ਸਵਰਨਕਾਂਤਾ ਸ਼ਰਮਾ ਜੋ ਵੀ ਫੈਸਲਾ ਸੁਣਾਉਣਗੇ, ਉਸ 'ਤੇ ਸਮਾਂ ਆਉਣ 'ਤੇ ਮੇਰੇ ਜੋ ਵੀ ਕਾਨੂੰਨੀ ਅਧਿਕਾਰ ਹਨ, ਜਿਵੇਂ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਾ ਆਦਿ, ਉਹ ਸਾਰੇ ਕਦਮ ਚੁੱਕਣ ਲਈ ਮੈਂ ਸੁਤੰਤਰ ਹਾਂ।

## ਮਨੁੱਖ ਦੀ ਅਸਲ ਤਾਕਤ ਹੋਰਾਂ 'ਤੇ ਰਾਜ ਕਰਨ ਵਿੱਚ ਨਹੀਂ, ਸਗੋਂ ਆਪਣੇ ਮਨ ਅਤੇ ਵਿਚਾਰਾਂ 'ਤੇ ਕਾਬੂ ਪਾਉਣ ਵਿੱਚ ਹੈ- ਸਾਧਵੀ ਮਨਸਵਿਨੀ





ਅੰਮ੍ਰਿਤਸਰ
ਧੈਰਿਆ ਮਹਿਰਾ

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸੀਐਲਐਚਸਕੂਲ, ਨਜ਼ਦੀਕ ਨੂਰ ਸ਼ਾਹ ਫਾਟਕ, ਇਸਲਾਮਾਬਾਦ, ਅੰਮ੍ਰਿਤਸਰ ਵਿਖੇ ਮਾਤਾ ਦੀ ਚੌਂਕੀ ਦਾ ਭਵਿਆ ਅਤੇ ਭਗਤੀਮਈ ਆਯੋਜਨ ਕੀਤਾ ਗਿਆ। ਇਸ ਪਵਿੱਤਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸੇਵਿਕਾ ਸਾਧਵੀ ਮਨਸਵਿਨੀ ਭਾਰਤੀ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖ ਦੀ ਅਸਲ ਤਾਕਤ ਹੋਰਾਂ ‘ਤੇ ਰਾਜ ਕਰਨ ਵਿੱਚ ਨਹੀਂ, ਸਗੋਂ ਆਪਣੇ ਮਨ ਅਤੇ ਵਿਚਾਰਾਂ ‘ਤੇ ਕਾਬੂ ਪਾਉਣ ਵਿੱਚ ਹੈ। ਉਨ੍ਹਾਂ ਸਮਝਾਇਆ ਕਿ ਦੇਵੀ ਦਾ ਹਰ ਰੂਪ ਬ੍ਰਹਮੰਡ ਦੀ ਸਿਰਜਣਾਤਮਕ ਅਤੇ ਸਕਾਰਾਤਮਕ ਸ਼ਕਤੀ ਦਾ ਪ੍ਰਤੀਕ ਹੈ, ਜੋ ਸਾਡੇ ਹਰ ਇੱਕ ਦੇ ਅੰਦਰ ਮੌਜੂਦ ਹੈ। ਸਾਧਵੀ ਜੀ ਨੇ ਬ੍ਰਹਮ ਗਿਆਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਹ ਮਨੁੱਖ ਨੂੰ ਆਪਣੇ ਅਸਲੀ ਸਰੂਪ ਅਤੇ ਪਰਮਾਤਮਾ ਨਾਲ ਜੋੜਦਾ ਹੈ, ਜਿਸ ਨਾਲ ਜੀਵਨ ਵਿੱਚ ਸ਼ਾਂਤੀ, ਸਿਆਣਪ ਅਤੇ ਸੰਤੁਲਨ ਆਉਂਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬ੍ਰਹਮ ਗਿਆਨ ਪ੍ਰਾਪਤ ਕਰਨ ਲਈ ਇੱਕ ਸੱਚੇ ਆਧਿਆਤਮਿਕ ਗੁਰੂ ਦੀ ਰਹਿਨੁਮਾਈ ਬਹੁਤ ਜ਼ਰੂਰੀ ਹੈ। ਇਸ ਤੋਂ ਬਾਅਦ ਮਾਤਾ ਰਾਣੀ ਦੀ ਭਵਿਆ ਆਰਤੀ ਦਾ ਆਯੋਜਨ ਕੀਤਾ ਗਿਆ। ਆਰਤੀ ਦੌਰਾਨ ਮੰਤਰੋਚਾਰਣ, ਸ਼ੰਖਧੁਨੀ ਅਤੇ ਜੈਕਾਰਿਆਂ ਨਾਲ ਪੂਰਾ ਪ੍ਰਾਂਗਣ ਭਗਤੀ ਅਤੇ ਸ਼ਰਧਾ ਦੇ ਰੰਗ ਵਿੱਚ ਰੰਗਿਆ ਗਿਆ।

## ਹਸਪਤਾਲ ਲਿਆਂਦੇ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਇਕ ਪੁਲਿਸ ਅਫ਼ਸਰ ਦੀ ਮੌਤ ਤੇ ਇਕ ਗੰਭੀਰ ਜ਼ਖਮੀ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਹਸਪਤਾਲ ਡਾਕਟਰੀ ਜਾਂਚ ਲਈ ਲਿਆਂਦੇ ਲੁੱਟਮਾਰ ਦੀ ਘਟਨਾ ਵਿੱਚ ਸ਼ਾਮਿਲ ਇੱਕ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਇੱਕ ਪੁਲਿਸ ਅਫਸਰ ਦੀ ਮੌਤ ਹੋ ਗਈ ਜਦ ਕਿ ਇੱਕ ਹੋਰ ਗੰਭੀਰ ਜ਼ਖਮੀ ਹੋ ਗਿਆ। ਇਹ ਜਾਣਕਾਰੀ ਸ਼ਿਕਾਗੋ ਪੁਲਿਸ ਦੇ ਸੁਪਰਡੈਂਟ ਲੈਰੀ ਸਨੈਲਿੰਗ ਨੇ ਦਿੰਦਿਆਂ ਕਿਹਾ ਕਿ ਇਹ ਘਟਨਾ ਐਨਡੈਵਰ ਹੈਲਥ ਸਵੀਡਿਸ਼ ਹਸਪਤਾਲ ਵਿੱਚ ਵਾਪਰੀ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਜਿਸ ਨਾਲ ਹਥਿਆਰਬੰਦ ਲਾਅ ਇਨਫੋਰਸਮੈਂਟ ਅਫਸਰ ਤਾਇਨਾਤ ਸਨ, ਹਥਿਆਰ ਕਿਸ ਤਰਾਂ ਪ੍ਰਾਪਤ ਕਰਨ ਵਿਚ ਸਫਲ ਹੋਇਆ। ਸ਼ੱਕੀ ਗੋਲੀਬਾਰੀ ਕਰਨ ਉਪਰੰਤ ਮੌਕੇ ਤੋਂ ਫਰਾਰ ਹੋ ਗਿਆ ਤੇ ਇਕ ਘਰ ਵਿਚ ਵੜ ਗਿਆ।

ਪੁਲਿਸ ਵੱਲੋਂ ਘਰ ਦੀ ਘੇਰਾਬੰਦੀ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੁਪਰਡੈਂਟ ਅਨੁਸਾਰ ਜਖਮੀ ਪੁਲਿਸ ਅਫਸਰਾਂ ਨੂੰ ਐਡਵੋਕੇਟ ਇਲੀਨੋਇਸ ਮੈਸੋਨਿਕ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ ਇਕ ਅਫਸਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਜਿੰਦਗੀ ਲਈ ਸੰਘਰਸ਼ ਕਰ ਰਿਹਾ ਹੈ। ਮਾਮਲੇ ਦੀ ਜਾਂਚ ਲਈ ਹਸਪਤਾਲ ਬੰਦ ਕਰ ਦਿੱਤਾ ਗਿਆ ਹੈ।

ਅਧਿਕਾਰੀਆਂ ਨੇ ਮ੍ਰਿਤਕ ਤੇ ਜਖਮੀ ਪੁਲਿਸ ਅਫਸਰਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ। ਮ੍ਰਿਤਕ ਪੁਲਿਸ ਅਫਸਰ ਦੀ ਉਮਰ 38 ਸਾਲ ਸੀ ਤੇ ਉਹ ਪਿਛਲੇ 10 ਸਾਲ ਤੋਂ ਪੁਲਿਸ ਵਿਭਾਗ ਵਿਚ ਸੀ ਜਦ ਕਿ ਜਖਮੀ ਪੁਲਿਸ ਅਫਸਰ 57 ਸਾਲ ਦਾ ਹੈ ਤੇ ਉਹ ਪਿਛਲੇ 21 ਸਾਲ ਤੋਂ ਪੁਲਿਸ ਵਿਭਾਗ ਵਿਚ ਹੈ।

Space available for Ad
Contact # +1 (209) 303-1260
Contact # +91 81463-20009


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਮਾਨਸੂਨ ਤੋਂ ਪਹਿਲਾਂ ਹੜ੍ਹਾਂ ਦੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਆਪ ਸਰਕਾਰ ਵੱਲੋਂ ਐਂਫੀਬੀਅਸ ਮਸ਼ੀਨਾਂ ਦੀ ਖਰੀਦ ਨੂੰ ਮਨਜ਼ੂਰੀ: ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੜ੍ਹ ਸੁਰੱਖਿਆਂ ਪ੍ਰਬੰਧਾਂ ਸਮੀਖਿਆ ਕਰਦਿਆਂ ਪੰਜਾਬ ਦੇ ਹੜ੍ਹ ਰੋਕਥਾਮ ਅਤੇ ਰਾਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਉੱਨਤ ਐਂਫੀਬੀਅਸ ਮਸ਼ੀਨਾਂ (ਪਾਣੀ ਵਿੱਚ ਅਤੇ ਧਰਤੀ 'ਤੇ ਚੱਲਣ ਵਾਲੀਆਂ ਮਸ਼ੀਨਾਂ) ਦੀ ਖਰੀਦ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਮਾਨਸੂਨ ਸੀਜ਼ਨ ਤੋਂ ਪਹਿਲਾਂ ਹੜ੍ਹਾਂ ਜਾਂ ਭਾਰੀ ਮੀਂਹ ਕਰਕੇ ਹੁੰਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਅਤੇ ਜਾਨ-ਮਾਲ ਦੀ ਰਾਖੀ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੜ੍ਹ ਰਾਹਤ ਕਾਰਜਾਂ ਨੂੰ ਸੁਚਾਰੂ ਅਤੇ ਮੁਸ਼ਕਲ ਰਹਿਤ ਢੰਗ ਨਾਲ ਚਲਾਉਣ ਲਈ ਪੰਜਾਬ ਸਰਕਾਰ ਵੱਲੋਂ ਨਹਿਰਾਂ ਅਤੇ ਨਾਲਿਆਂ (ਡਰੇਨਾਂ) ਦੀ ਸਫਾਈ ਵਾਸਤੇ ਐਂਫੀਬੀਅਸ ਮਸ਼ੀਨਾਂ ਖਰੀਦਣ ਦੀ ਸਹਿਮਤੀ ਦਿੱਤੀ ਗਈ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮਸ਼ੀਨਾਂ ਵਗਦੇ ਪਾਣੀ ਵਿੱਚ ਵੀ ਕੰਮ ਕਰਨ ਅਤੇ ਡੂੰਘਾਈ ਨਾਲ ਸਫ਼ਾਈ ਦੇ ਸਮਰੱਥ ਹਨ, ਜੋ ਇਨ੍ਹਾਂ ਮਸ਼ੀਨਾਂ ਨੂੰ ਰੋਕਥਾਮ ਉਪਾਵਾਂ ਅਤੇ ਐਮਰਜੈਂਸੀ ਕਾਰਵਾਈ ਲਈ ਮਹੱਤਵਪੂਰਨ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁ-ਮੰਤਵੀ ਮਸ਼ੀਨਾਂ ਡੂੰਘਾਈ ਨਾਲ ਸਫ਼ਾਈ ਕਰ ਸਕਦੀਆਂ ਹਨ ਜਿਸ ਲਈ ਸੰਭਾਵਿਤ ਅਤੇ ਐਮਰਜੈਂਸੀ ਹਾਲਾਤਾਂ ਵਿੱਚ ਹੜ੍ਹ ਰਾਹਤ ਕਾਰਜਾਂ ਵਾਸਤੇ ਸਾਡੇ ਕੋਲ ਇਹ ਮਸ਼ੀਨਾਂ ਹੋਣਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਵਿਭਾਗ ਨੂੰ ਇਨ੍ਹਾਂ ਮਸ਼ੀਨਾਂ ਦੀ ਖਰੀਦ ਲਈ ਵਿਸਤ੍ਰਿਤ ਰੂਪਰੇਖਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ।



ਆਲਮੀ ਪੱਧਰ 'ਤੇ ਬਿਹਤਰ ਅਭਿਆਸਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੈਂ ਹਾਲ ਹੀ ਵਿੱਚ ਫਿਨਲੈਂਡ ਦੀ ਆਪਣੀ ਫੇਰੀ ਦੌਰਾਨ ਇਸ ਮਸ਼ੀਨ ਨੂੰ ਕੰਮ ਕਰਦੇ ਦੇਖਿਆ ਸੀ, ਜਿੱਥੇ ਇਨ੍ਹਾਂ ਬਹੁ-ਮੰਤਵੀ ਮਸ਼ੀਨਾਂ ਦੀ ਪੂਰੇ ਢੁਕਵੇਂ ਤਰੀਕੇ ਨਾਲ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਮਸ਼ੀਨਾਂ ਨੂੰ ਹੜ੍ਹ ਸੁਰੱਖਿਆ ਕਾਰਜਾਂ ਦੇ ਨਾਲ-ਨਾਲ ਨਹਿਰਾਂ, ਨਾਲਿਆਂ, ਛੱਪੜਾਂ ਅਤੇ ਹੋਰ ਜਲ ਸਰੋਤਾਂ ਦੀ ਦੇਖਭਾਲ ਅਤੇ ਸਫ਼ਾਈ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਮਸ਼ੀਨਾਂ ਦੀ ਖ਼ਰੀਦ ਨਾਲ ਹੜ੍ਹਾਂ ਦੇ ਕਹਿਰ ਕਾਰਨ ਲੋਕਾਂ ਨੂੰ ਆਉਂਦੀਆਂ ਮੁਸ਼ਕਲਾਂ ਨੂੰ ਘਟਾਉਣ ਵਿੱਚ ਵਧੇਰੇ ਮਦਦਗਾਰ ਸਾਬਤ ਹੋਵੇਗੀ।ਪਾਣੀ ਦੇ ਪ੍ਰਬੰਧਨ ਸਬੰਧੀ ਚਿੰਤਾਵਾਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭਾਖੜਾ ਡੈਮ ਵਿੱਚ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਹੈ ਅਤੇ 26 ਅਪ੍ਰੈਲ ਨੂੰ ਇਹ 1594 ਫੁੱਟ ਦਰਜ ਕੀਤਾ ਗਿਆ ਸੀ।"ਉਨ੍ਹਾਂ ਕਿਹਾ ਕਿ 1 ਜੂਨ ਤੋਂ ਸ਼ੁਰੂ ਹੋਣ ਵਾਲੀ ਝੋਨੇ ਦੀ ਬਿਜਾਈ ਦੇ ਮੱਦੇਨਜ਼ਰ ਅਗਾਮੀ ਮਾਨਸੂਨ ਨੂੰ ਧਿਆਨ ਵਿੱਚ ਰੱਖਦਿਆਂ ਸੁਚੱਜੇ ਢੰਗ ਨਾਲ ਪਾਣੀ ਛੱਡਣ ਦੀ ਯੋਜਨਾ ਉਲੀਕੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਸੂਬੇ ਵਿੱਚ 1 ਜੂਨ ਤੋਂ ਝੋਨੇ ਦੀ ਬਿਜਾਈ ਸ਼ੁਰੂ ਕੀਤੀ ਜਾ ਰਹੀ ਹੈ, ਇਸ ਲਈ ਅਗਾਮੀ ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਭਾਖੜਾ ਡੈਮ ਤੋਂ ਵੱਧ ਤੋਂ ਵੱਧ ਪਾਣੀ ਛੱਡਿਆ ਜਾਣਾ ਚਾਹੀਦਾ ਹੈ।" ਉਨ੍ਹਾਂ ਕਿਹਾ, "ਸੂਬੇ ਵਿੱਚ ਨਵੇਂ ਖਾਲਿਆਂ ਦੇ ਨਿਰਮਾਣ ਅਤੇ ਪੁਰਾਣਿਆਂ ਖਾਲਿਆਂ ਨੂੰ ਬਹਾਲ ਕਰਨ ਦਾ ਕੰਮ 31 ਮਈ ਤੱਕ ਮੁਕੰਮਲ ਹੋ ਜਾਵੇਗਾ ਜਿਸ ਤੋਂ ਬਾਅਦ ਸਿੰਚਾਈ ਦੇ ਉਦੇਸ਼ਾਂ ਲਈ ਹੋਰ 5000 ਕਿਊਸਿਕ ਪਾਣੀ ਦੀ ਲੋੜ ਹੋਵੇਗੀ।"ਚੱਲ ਰਹੇ ਕੰਮਾਂ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲ ਸਰੋਤ ਵਿਭਾਗ ਦੇ ਯਤਨਾਂ 'ਤੇ ਸੰਤੁਸ਼ਟੀ ਪ੍ਰਗਟਾਈ। ਉਨ੍ਹਾਂ ਕਿਹਾ, "ਜਨਤਕ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਹੜ੍ਹਾਂ ਨੂੰ ਰੋਕਣ ਲਈ ਸੂਬੇ ਭਰ ਵਿੱਚ ਵਿਆਪਕ ਕੰਮ ਕੀਤੇ ਜਾ ਰਹੇ ਹਨ।" ਉਨ੍ਹਾਂ ਕਿਹਾ ਕਿ ਖਾਲਿਆਂ ਦੀ ਸਫਾਈ ਜੰਗੀ ਪੱਧਰ 'ਤੇ ਚੱਲ ਰਹੀ ਹੈ ਅਤੇ ਜਲਦ ਹੀ ਮੁਕੰਮਲ ਹੋ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸੰਭਾਵੀ ਹੜ੍ਹਾਂ ਨੂੰ ਰੋਕਣ ਲਈ ਹੜ੍ਹ ਪ੍ਰਭਾਵਿਤ ਪ੍ਰਮੁੱਖ ਥਾਵਾਂ 'ਤੇ ਗਾਰ ਕੱਢਣ ਦਾ ਕੰਮ ਪਹਿਲਾਂ ਹੀ ਮੁਕੰਮਲ ਕੀਤਾ ਜਾ ਚੁੱਕਾ ਹੈ।ਸੰਵੇਦਨਸ਼ੀਲ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, " ਸੂਬਾ ਸਰਕਾਰ ਵੱਲੋਂ ਰੋਪੜ ਜ਼ਿਲ੍ਹੇ ਵਿੱਚ ਜਿੱਥੇ ਲਗਭਗ 20 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ ਅਤੇ ਜਿੱਥੇ ਪਿਛਲੇ ਸਾਲ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ, ਵਿਆਪਕ ਰੋਕਥਾਮ ਕਦਮ ਚੁੱਕੇ ਗਏ ਹਨ।" ਉਨ੍ਹਾਂ ਕਿਹਾ ਕਿ ਹੜ੍ਹਾਂ ਨੂੰ ਕੰਟਰੋਲ ਕਰਨ ਅਤੇ ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਲੋੜ ਅਨੁਸਾਰ ਸਟੱਡ ਅਤੇ ਸਪਰ ਢਾਂਚੇ ਬਣਾਏ ਜਾ ਰਹੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਿੰਚਾਈ ਅਤੇ ਸੈਰ-ਸਪਾਟੇ ਦੋਵਾਂ ਉਦੇਸ਼ਾਂ ਲਈ ਸਵਾਂ ਨਦੀ ਦੇ ਚੈਨਲਾਈਜ਼ੇਸ਼ਨ ਦੀ ਸੰਭਾਵਨਾ ਦੀ ਪੜਚੋਲ ਕਰਨ ਦੇ ਵੀ ਨਿਰਦੇਸ਼ ਦਿੱਤੇ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਬਰਿੰਦਰ ਕੁਮਾਰ ਗੋਇਲ, ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਮੁੱਖ ਮੰਤਰੀ ਸਹਾਇਤਾ ਕੇਂਦਰ ਹਰੇਕ ਵਿਅਕਤੀ ਲਈ ਖੁੱਲ੍ਹਾ: ਦਲਵੀਰ ਸਿੰਘ ਢਿੱਲੋਂ

ਧੂਰੀ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਦੇ ਦਫ਼ਤਰ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਕੈਂਪ ਆਫਿਸ ਦੇ ਦਰਵਾਜ਼ੇ ਹਰੇਕ ਵਿਅਕਤੀ ਲਈ ਹਮੇਸ਼ਾ ਖੁੱਲ੍ਹੇ ਹਨ ਅਤੇ ਆਪਣੇ ਕੰਮ ਕਰਵਾਉਣ ਲਈ ਆਉਣ ਵਾਲੇ ਹਰ ਵਿਅਕਤੀ ਨਾਲ ਮਾਣ-ਸਤਿਕਾਰ ਨਾਲ ਪੇਸ਼ ਆ ਕੇ ਉਨ੍ਹਾਂ ਦੇ ਕੰਮ ਕੀਤੇ ਜਾਂਦੇ ਹਨ। ਇਹ ਪ੍ਰਗਟਾਵਾ ਦਲਵੀਰ ਸਿੰਘ ਢਿੱਲੋਂ ਨੇ ਸਾਬਕਾ ਵਿਧਾਇਕ ਧੂਰੀ ਦਲਬੀਰ ਸਿੰਘ ਗੋਲਡੀ ਵੱਲੋਂ ਦਫ਼ਤਰ ਦਾ ਦਰਵਾਜ਼ਾ ਬੰਦ ਹੋਣ ਸਬੰਧੀ ਲਗਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਕੀਤਾ।

ਦਫ਼ਤਰ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਅੱਜ ਕੁਝ ਮਹਿਲਾਵਾਂ ਨਾਲ ਮੁੱਖ ਮੰਤਰੀ ਕੈਂਪ ਆਫਿਸ ਵਿਖੇ ਆਏ ਸਨ। ਉਸ ਸਮੇਂ ਦਫ਼ਤਰ ਵਿੱਚ ਪਹਿਲਾਂ ਹੀ ਕਾਫੀ ਗਿਣਤੀ ਵਿੱਚ ਲੋਕ ਆਪਣੇ ਕੰਮਾਂ ਲਈ ਮੌਜੂਦ ਸਨ। ਆਈਆਂ ਮਹਿਲਾਵਾਂ ਨੂੰ ਵੀ ਪੂਰੇ ਸਤਿਕਾਰ ਨਾਲ ਉਡੀਕ ਕਮਰੇ ਵਿੱਚ ਬਿਠਾਇਆ ਗਿਆ ਅਤੇ ਉਨ੍ਹਾਂ ਦੇ ਕੰਮ ਬਾਰੇ ਜਾਣਕਾਰੀ ਲਈ ਗਈ।ਉਨ੍ਹਾਂ ਦੱਸਿਆ ਕਿ ਮਹਿਲਾਵਾਂ ਵੱਲੋਂ ਪੈਨਸ਼ਨ ਲਵਾਉਣ ਸਬੰਧੀ ਗੱਲ ਕੀਤੀ ਗਈ, ਪਰ ਉਨ੍ਹਾਂ ਵੱਲੋਂ ਕੋਈ ਵੀ ਫਾਰਮ ਜਾਂ ਦਰਖ਼ਾਸਤ ਭਰੀ ਨਹੀਂ ਗਈ ਸੀ। ਇਸ ਉਪਰੰਤ ਦਫ਼ਤਰੀ ਸਟਾਫ ਵੱਲੋਂ ਤੁਰੰਤ ਉਨ੍ਹਾਂ ਦੇ ਨਾਮ ਨੋਟ ਕੀਤੇ ਗਏ ਅਤੇ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਪੈਨਸ਼ਨ ਸਬੰਧੀ ਮਾਮਲਿਆਂ ਲਈ ਕਿਤੇ ਜਾਣ ਦੀ ਲੋੜ ਨਹੀਂ ਹੈ, ਸਗੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਹ ਸਹੂਲਤ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਾਪਤ ਕਰਨ ਦੀ ਸਹੂਲਤ ਦਿੱਤੀ ਗਈ ਹੈ।ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਾਬਕਾ ਵਿਧਾਇਕ ਵੱਲੋਂ ਬਿਨਾਂ ਕਿਸੇ ਵਾਜਬ ਕਾਰਨ ਸਿਰਫ ਵੀਡੀਓ ਬਣਾਉਣ ਅਤੇ ਆਪਣੀ ਸਿਆਸਤ ਚਮਕਾਉਣ ਲਈ ਇਹ ਸਾਰਾ ਨਾਟਕ ਕੀਤਾ ਗਿਆ ਹੈ, ਜੋ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਮਹਿਲਾਵਾਂ ਨੇ ਖੁਦ ਦੱਸਿਆ ਕਿ ਉਹ ਪਹਿਲੀ ਵਾਰ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਆਈਆਂ ਹਨ।

ਦਫ਼ਤਰ ਵਿੱਚ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਗਿਆ। ਉਨ੍ਹਾਂ ਸਾਬਕਾ ਵਿਧਾਇਕ ਨੂੰ ਐਨੇ ਨੀਵੇਂ ਪੱਧਰ ਦੀ ਸਿਆਸਤ ਨਾ ਕਰਨ ਦੀ ਗੱਲ ਆਖਦਿਆਂ ਕਿਹਾ ਕਿ ਸਾਬਕਾ ਵਿਧਾਇਕ ਕੋਲ ਵੀ ਕੰਮ ਲਈ ਪੰਜ ਸਾਲ ਸਨ ਤੇ ਉਹਨਾਂ ਵੱਲੋਂ ਕੀਤੇ ਕੰਮ ਸਭ ਦੇ ਸਾਹਮਣੇ ਹਨ ਅਤੇ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਕੰਮ ਵੀ ਲੋਕ ਦੇਖ ਰਹੇ ਹਨ ਇਸ ਲਈ ਇੰਨੇ ਛੋਟੇ ਪੱਧਰ ਦੀ ਸਿਆਸਤ ਕਰਨ ਤੋਂ ਬਚਿਆ ਜਾਵੇ।



# ਅਰਵਿੰਦ ਕੇਜਰੀਵਾਲ ਦਾ ਫੈਸਲਾ ਸੱਚਾਈ, ਸਵੈ-ਮਾਣ ਅਤੇ ਗਾਂਧੀਵਾਦੀ ਸਤਿਆਗ੍ਰਹਿ 'ਤੇ ਅਧਾਰਤ ਹੈ, ਆਪ ਪੰਜਾਬ ਦੀ ਲੀਡਰਸ਼ਿਪ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਸੀਨੀਅਰ ਲੀਡਰਸ਼ਿਪ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਜਸਟਿਸ ਸਵਰਨ ਕਾਂਤਾ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਨਾ ਹੋਣ ਦੇ ਫੈਸਲੇ ਦਾ ਜ਼ੋਰਦਾਰ ਸਮਰਥਨ ਕੀਤਾ ਹੈ। ਪਾਰਟੀ ਨੇ ਇਸ ਨੂੰ ਸੱਚਾਈ, ਸਵੈ-ਮਾਣ ਅਤੇ ਗਾਂਧੀਵਾਦੀ ਸਤਿਆਗ੍ਰਹਿ ਦੇ ਫਲਸਫੇ ਵਿੱਚ ਰਚਿਆ ਹੋਇਆ ਇੱਕ ਸਿਧਾਂਤਕ ਕਦਮ ਕਰਾਰ ਦਿੱਤਾ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਯ' 'ਤੇ ਲਿਖਿਆ, "ਅਰਵਿੰਦ ਕੇਜਰੀਵਾਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਨਸਾਫ਼ ਅਤੇ ਸਵੈ-ਮਾਣ ਲਈ ਇਨਸਾਨ ਨੂੰ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜਦੋਂ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਹਨ, ਤਾਂ ਜਨਤਾ ਦਾ ਵਿਸ਼ਵਾਸ ਡੋਲ ਜਾਂਦਾ ਹੈ। ਅਸੀਂ ਸਾਰੇ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੇ ਹਾਂ।" ਇਸ ਦੌਰਾਨ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ, "ਜਦੋਂ ਨਿਆਂ 'ਤੇ ਸਿਆਸੀ ਪਰਛਾਵੇਂ ਪੈਂਦੇ ਹਨ, ਤਾਂ ਸੱਚ ਅਤੇ ਨਿਰਪੱਖਤਾ ਦੋਵਾਂ ਦਾ ਨੁਕਸਾਨ ਹੁੰਦਾ ਹੈ। ਭਾਜਪਾ ਅਤੇ ਇਸਦੇ ਵਿਚਾਰਧਾਰਕ ਤਾਣੇ-ਬਾਣੇ ਨਾਲ ਜੁੜੇ ਮਾਮਲਿਆਂ ਵਿੱਚ, ਨਿਰਪੱਖਤਾ 'ਤੇ ਸ਼ੱਕ ਪੈਦਾ ਹੋਣਾ ਸੁਭਾਵਿਕ ਹੈ।"ਅਰਵਿੰਦ ਕੇਜਰੀਵਾਲ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਅਮਨ ਅਰੋੜਾ ਨੇ ਕਿਹਾ, "ਸਤਿਆਗ੍ਰਹਿ ਦਾ ਰਸਤਾ ਅਪਣਾਉਣ ਦਾ ਉਨ੍ਹਾਂ ਦਾ ਫੈਸਲਾ ਮਹਾਤਮਾ ਗਾਂਧੀ ਤੋਂ ਪ੍ਰੇਰਿਤ ਇੱਕ ਸ਼ਾਂਤੀਪੂਰਨ ਪਰ ਪ੍ਰਭਾਵਸ਼ਾਲੀ ਵਿਰੋਧ ਨੂੰ ਦਰਸਾਉਂਦਾ ਹੈ। ਜਨਤਾ ਦਾ ਵਿਸ਼ਵਾਸ ਬਹਾਲ ਕਰਨ ਲਈ ਨਿਆਂਪਾਲਿਕਾ ਨੂੰ ਇਨ੍ਹਾਂ ਉਠਾਈਆਂ ਜਾ ਰਹੀਆਂ ਚਿੰਤਾਵਾਂ ਦਾ ਨੋਟਿਸ ਲੈਣਾ ਚਾਹੀਦਾ ਹੈ।"ਦੂਜੇ ਪਾਸੇ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਇਹ ਕਦਮ ਬੇਮਿਸਾਲ ਹੈ। ਆਜ਼ਾਦੀ ਤੋਂ ਬਾਅਦ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕਿਸੇ ਆਗੂ ਨੇ ਸਿਸਟਮ ਨਾਲ ਜੁੜੀਆਂ ਚਿੰਤਾਵਾਂ ਨੂੰ ਉਜਾਗਰ ਕਰਨ ਲਈ ਅਜਿਹਾ ਰਸਤਾ ਚੁਣਿਆ ਹੈ। ਅਰਵਿੰਦ ਕੇਜਰੀਵਾਲ ਦਾ ਫੈਸਲਾ ਇੱਕ ਸਿਧਾਂਤਕ ਸਟੈਂਡ ਹੈ, ਜਿਸਦਾ ਉਦੇਸ਼ ਨਿਆਂ ਵਿੱਚ ਵਿਸ਼ਵਾਸ ਨੂੰ ਬਰਕਰਾਰ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਪ੍ਰਕਿਰਿਆ ਪਾਰਦਰਸ਼ੀ ਅਤੇ ਨਿਰਪੱਖ ਰਹੇ।"ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ, "ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ ਨਾ ਸਿਰਫ਼ ਨਿਰਪੱਖਤਾ 'ਤੇ, ਸਗੋਂ ਉਸ ਨਿਰਪੱਖਤਾ ਦੀ ਪਾਰਦਰਸ਼ਤਾ 'ਤੇ ਵੀ ਨਿਰਭਰ ਕਰਦੀ ਹੈ। ਜਦੋਂ ਕਾਰਵਾਈ ਦੀ ਨਿਰਪੱਖਤਾ ਬਾਰੇ ਜਨਤਕ ਸਵਾਲ ਉੱਠਦੇ ਹਨ, ਤਾਂ ਅਜਿਹਾ ਸਟੈਂਡ ਲੈਣਾ ਜ਼ਰੂਰੀ ਹੋ ਜਾਂਦਾ ਹੈ ਜੋ ਪ੍ਰਣਾਲੀ ਦੀ ਮਰਿਆਦਾ ਦੀ ਰੱਖਿਆ ਕਰੇ।"ਇਸ ਦੌਰਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਸਗੋਂ ਹੁੰਦਾ ਹੋਇਆ ਦਿਖਾਈ ਵੀ ਦੇਣਾ ਚਾਹੀਦਾ ਹੈ। ਇਹ ਕਾਨੂੰਨੀ ਪ੍ਰਣਾਲੀ ਦੀ ਬੁਨਿਆਦ ਹੈ। ਜਦੋਂ ਇਸ ਬੁਨਿਆਦੀ ਮਿਆਰ 'ਤੇ ਵੀ ਸ਼ੱਕ ਹੋਵੇ, ਤਾਂ ਪਿੱਛੇ ਹਟਣਾ ਕਮਜ਼ੋਰੀ ਨਹੀਂ, ਸਗੋਂ ਜ਼ਮੀਰ ਦੀ ਆਵਾਜ਼ ਹੈ।" ਹਰਜੋਤ ਸਿੰਘ ਬੈਂਸ ਨੇ ਅਰਵਿੰਦ ਕੇਜਰੀਵਾਲ ਦੇ ਇਸ ਸਟੈਂਡ ਨੂੰ ਸਲਾਮ ਵੀ ਕੀਤਾ।ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਲਾਲ ਚੰਦ ਕਟਾਰੂਚੱਕ, ਹਰਦੀਪ ਸਿੰਘ ਮੁੰਡੀਆਂ ਅਤੇ ਹਰਭਜਨ ਸਿੰਘ ਈਟੀਓ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਕੇਜਰੀਵਾਲ ਨਾਲ ਇਕਜੁੱਟਤਾ ਪ੍ਰਗਟਾਈ ਅਤੇ ਸੱਚ ਤੇ ਨਿਆਂ ਦੀ ਲੜਾਈ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। 'ਆਪ' ਪੰਜਾਬ ਦੇ ਆਗੂਆਂ ਨੇ ਸਮੂਹਿਕ ਤੌਰ 'ਤੇ ਕਿਹਾ ਕਿ ਇਹ ਫੈਸਲਾ ਨਿਆਂਪਾਲਿਕਾ ਦੇ ਵਿਰੁੱਧ ਨਹੀਂ ਹੈ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



# ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

## ਸਿਰ.ਫ ਇਕ ਕਾਲ - ਵੱਡੀ ਬੱਚਤ

# 510-706-1300

singhsolarusa@gmail.com

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WE HAVE THE CHEAPEST FARES TO INDIA

# LEGEND TRAVEL



arc accredited agency

CST # 207524-40

Special Fares To India From West-coast (us) On Air India Direct Flights




JATINDER SINGH

## LOWEST AIRFARES FROM USA TO INDIA

★ Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA



ਬਰਜਿੰਦਰ ਕੌਰ ਬਿਸਰਾਓ
99889-01324

# ਜਦੋਂ ਸ਼ਬਦ ਮੁੱਕ ਗਏ...!

ਪਾਲਾ ਸਿੰਘ ਸਾਈਕਲ ਤੇ ਮੰਡੀ ਤੋਂ ਪਿੰਡ ਵੱਲ ਨੂੰ ਆਉਂਦੀ ਸੜਕ ਤੇ ਡੂੰਘੀਆਂ ਸੋਚਾਂ ਵਿੱਚ ਡੁੱਬਿਆ ਤੇਜ਼ ਤੇਜ਼ ਪੈਡਲ ਮਾਰਦਾ ਪਿੰਡ ਵੱਲ ਨੂੰ ਵਧਦਾ ਆ ਰਿਹਾ ਸੀ। ਉਸ ਦੀਆਂ ਸੋਚਾਂ ਦੀ ਡੂੰਘਾਈ ਐਨੀ ਸੀ ਕਿ ਉਸ ਨੂੰ ਆਲ਼ੇ ਦੁਆਲ਼ੇ ਲੰਘਦੀਆਂ ਗੱਡੀਆਂ ਜਾਂ ਲੋਕਾਂ ਦੀ ਕੋਈ ਸਾਰ ਨਹੀਂ ਸੀ। ਗਰਮੀ ਨਾਲ ਉਸ ਦਾ ਮੂੰਹ ਲਾਲ ਅਤੇ ਮੱਥਾ ਪਸੀਨੇ ਨਾਲ ਚਮਕ ਰਿਹਾ ਸੀ। ਉਹ ਮੰਡੀਓਂ ਆੜਤੀਏ ਕੋਲੋਂ ਵਾਪਸ ਆ ਰਿਹਾ ਸੀ। ਉਸ ਦਾ ਸਾਹ ਨਾਲ ਸਾਹ ਨਹੀਂ ਸੀ ਰਲ਼ ਰਿਹਾ। ਉਸ ਦੇ ਕੰਨਾਂ ਵਿੱਚ ਆੜਤੀਏ ਦੇ ਬੋਲ ਵਾਰ ਵਾਰ ਦਸਤਕ ਦੇ ਰਹੇ ਸਨ। ਜਿਵੇਂ ਜਿਵੇਂ ਅੱਡ ਅੱਡ ਗੱਲਾਂ ਦੇ ਖਿਆਲ ਆਉਂਦੇ ਤਿਵੇਂ ਤਿਵੇਂ ਉਸ ਦੇ ਚਿਹਰੇ ਦੇ ਹਾਵ ਭਾਵ ਬਦਲੀ ਜਾਂਦੇ। ਵੈਸੇ ਤਾਂ ਉਸ ਕੋਲ ਸਕੂਟਰ ਵੀ ਸੀ ਪਰ ਪੈਟਰੋਲ ਐਨਾ ਮਹਿੰਗਾ ਹੋ ਗਿਆ ਸੀ ਕਿ ਹੁਣ ਮੰਡੀ ਤੱਕ ਸਕੂਟਰ ਲਿਜਾਣਾ ਉਸ ਦੇ ਵਸ ਦੀ ਗੱਲ ਨਹੀਂ ਰਹੀ ਸੀ। ਉਹ ਤਾਂ ਸਕੂਟਰ ਨੂੰ ਕਿਤੇ ਸਾਕ ਸਬੰਧੀਆਂ ਦੇ ਜਾਣ ਲਈ ਅੰਦਰਲੀ ਦਲਾਨ ਵਿੱਚੋਂ ਕਦੇ ਕਦੇ ਹੀ ਬਾਹਰ ਕੱਢਦਾ ਸੀ ਨਹੀਂ ਤਾਂ ਉੱਥੇ ਹੀ ਉੱਪਰ ਕੱਪੜਾ ਪਾ ਕੇ ਖੜ੍ਹਾ ਕੀਤਾ ਰਹਿੰਦਾ।

ਪਾਲਾ ਸਿੰਘ ਕੋਲ਼ ਆਪਣੇ ਤਾਂ ਸਿਰਫ਼ ਪੰਜ ਕਿੱਲੇ ਹੀ ਸਨ । ਉਹ ਹੋਰ ਨਾਲ਼ ਲੱਗਦੇ ਪੰਜ ਕਿੱਲਿਆਂ ਨੂੰ ਠੇਕੇ ਤੇ ਲੈਕੇ ਕੱਠੇ ਦਸ ਕਿੱਲਿਆਂ ਦੀ ਖੇਤੀ ਕਰਦਾ ਸੀ। ਨਾਲ਼ ਦੀ ਜ਼ਮੀਨ ਵਾਲ਼ੇ ਵੀ ਆਏ ਸਾਲ ਠੇਕੇ ਦਾ ਰੇਟ ਚੱਕ ਦਿੰਦੇ ਸਨ ਕਿਉਂਕਿ ਜ਼ਮੀਨ ਨਾਲ਼ ਲੱਗਦੀ ਹੋਣ ਕਰਕੇ ਪਾਲੇ ਨੂੰ ਬੀਜਾਈ,ਕਟਾਈ ਜਾਂ ਹੋਰ ਸਭ ਕੰਮਾਂ ਵਿੱਚ ਮਸ਼ੀਨਰੀ ਵਗੈਰਾ ਲਿਜਾਣ ਦੀ ਸੁੱਖ ਸਹੂਲਤ ਰਹਿੰਦੀ ਸੀ। ਇਸੇ ਲਈ ਉਹ ਭਾਅ ਖਾਂਦੇ ਸਨ। ਜਦ ਜ਼ਰੂਰਤ ਹੁੰਦੀ ਉਹ ਮਾਮਲਾ ਮੰਗ ਲੈਂਦੇ,ਪਾਲਾ ਉਸੇ ਸਮੇਂ ਆੜ੍ਹਤੀਆਂ ਤੋਂ ਫੜਕੇ ਉਹਨਾਂ ਨੂੰ ਦੇ ਦਿੰਦਾ ,ਕਈ ਵਾਰ ਤਾਂ ਸਾਲ ਦਾ ਠੇਕਾ ਪਹਿਲਾਂ ਹੀ ਲੈ ਲੈਂਦੇ ਸਨ। ਇਸ ਵਾਰ ਵੀ ਉਹਨਾਂ ਨੇ ਠੇਕਾ ਪਹਿਲਾਂ ਹੀ ਲੈ ਲਿਆ ਸੀ। ਪਾਲਾ ਸਿੰਘ ਨੇ ਉਹ ਸਾਰਾ ਪੈਸਾ ਵੀ ਆੜਤੀਆਂ ਤੋਂ ਫ਼ੜ ਕੇ ਦਿੱਤਾ ਸੀ। ਫਿਰ ਵਿੱਚ ਦੀ ਟਰੈਕਟਰ ਦੀਆਂ ਕਿਸ਼ਤਾਂ ਲਾਹੁਣੀਆਂ,ਵੱਡੀ ਕੁੜੀ ਦੇ ਵਿਆਹ ਤੇ ਚਾਹੇ ਅਗਲਿਆਂ ਖ਼ਰਚਾ ਨਹੀਂ ਕਰਵਾਇਆ ਸੀ ਤੇ ਆਪਣੇ ਲਈ ਕੋਈ ਟੂੰਮ ਨਹੀਂ ਪੁਆਈ ਸੀ ,ਪਰ ਕੱਪੜਿਆਂ ਤੇ, ਰੋਟੀ ਪਾਣੀ ਤੇ ਨਾ ਨਾ ਕਰਦੇ ਵੀ ਡੇਢ ਦੋ ਲੱਖ ਰੁਪਿਆ ਖਰਚ ਹੋ ਹੀ ਗਿਆ ਸੀ। ਉਂਝ ਤਾਂ ਕੁੜੀ ਦਾ ਵਿਆਹ ਚਾਹੇ ਦੋ ਸਾਲ ਰੁਕ ਕੇ ਕਰ ਦਿੰਦਾ ਪਰ ਐਨੇ ਚੰਗੇ ਬੰਦਿਆਂ ਦਾ ਰਿਸ਼ਤਾ ਪਾਲਾ ਵੀ ਹੱਥੋਂ ਨਹੀਂ ਨਿਕਲਣ ਦੇਣਾ ਚਾਹੁੰਦਾ ਸੀ,ਇਸੇ ਲਈ ਉਸ ਨੇ ਔਖੇ ਸੌਖੇ ਹੋ ਕੇ ਕੁੜੀ ਦਾ ਵਿਆਹ ਕਰ ਦਿੱਤਾ ਸੀ। ਉਹ ਵੀ ਉਸ ਨੇ ਆੜ੍ਹਤੀਆਂ ਤੋਂ ਫੜੇ ਸਨ।

ਪਾਲਾ ਸਿੰਘ ਦੀ ਵੱਡੀ ਕੁੜੀ ਸੁੱਖੀ ਦੇ ਵਿਆਹ ਨੂੰ ਮਸਾਂ ਛੇ ਮਹੀਨੇ ਹੋਏ ਸੀ। ਉਸ ਨੇ ਵੀ ਸਿਆਲ਼ ਚੜ੍ਹਦੇ ਕਨੇਡਾ ਚਲੇ ਜਾਣਾ ਸੀ। ਉਸ ਦੇ ਪ੍ਰਾਹੁਣੇ ਨੇ ਉਸ ਦੇ ਕਾਗਜ਼ ਲਾਏ ਹੋਏ ਸਨ ਤੇ ਉਹ ਕਹਿੰਦਾ ਸੀ ਕਿ ਛੇਤੀ ਵੀਜ਼ਾ ਲੱਗ ਕੇ ਆ ਜਾਵੇਗਾ। ਇਸ ਕੁੜੀ ਦਾ ਰਿਸ਼ਤਾ ਤਾਂ ਕਿਸਮਤ ਨਾਲ ਪਾਲੇ ਦੀ ਭੈਣ ਦੇ ਮੁੰਡੇ ਦੇ ਵਿਆਹ ਤੇ ਗਈ ਦਾ ਤੱਤ- ਭੜੱਤੇ ਵਿੱਚ ਹੋ ਗਿਆ ਸੀ। ਸੁੱਖੀ ਇੱਕ ਤਾਂ ਸੁਨੱਖੀ ਬਹੁਤ ਸੀ ਉੱਤੋਂ ਪੜ੍ਹੀ ਲਿਖੀ ਤੇ ਲਿਆਕਤ ਵਾਲੀ ਵੀ ਸੀ। ਭੂਆ ਦੇ ਮੁੰਡੇ ਦੇ ਵਿਆਹ ਵਿੱਚ ਨੱਚਦੀ ਟੱਪਦੀ,ਹੱਸਦੀ ਖੇਡਦੀ ਦੇਖ ਕੇ ਉਹਨਾਂ ਦੇ ਗੁਆਂਢੀਆਂ ਨੇ ਆਪ ਰਿਸ਼ਤਾ ਮੰਗਿਆ ਸੀ। ਸਾਰਾ ਟੱਬਰ ਬਾਹਰ ਸੀ ,ਬੰਦੇ ਵੀ ਅੰਤਾਂ ਦੇ ਸ਼ਰੀਫ ਸਨ। ਸਬੱਬ ਨਾਲ ਹਫ਼ਤਾ ਪਹਿਲਾਂ ਹੀ ਬਾਹਰੋਂ ਆਏ ਸਨ। ਉਹਨਾਂ ਦਾ ਕੱਲਾ ਕੱਲਾ ਮੁੰਡਾ ਸੀ। ਲਾਲਚੀ ਤਾਂ ਉਹ ਬਿਲਕੁਲ ਵੀ ਨਹੀਂ ਸਨ। ਉਹਨਾਂ ਨੇ ਗੁਰਦੁਆਰੇ ਅਨੰਦ ਕਾਰਜ ਕਰਵਾ ਕੇ ਸਾਦਾ ਜਿਹਾ ਵਿਆਹ ਕੀਤਾ ਸੀ। ਉਹਨਾਂ ਨੇ ਪਾਲੇ ਤੇ ਕੋਈ ਬੋਝ ਨਹੀਂ ਪਾਇਆ ਸੀ। ਇਹੋ ਜਿਹੇ ਬੰਦੇ ਤਾਂ ਕਰਮਾਂ ਵਾਲਿਆਂ ਨੂੰ ਮਿਲ਼ਦੇ ਹਨ। ਜਦੋਂ ਦਾ ਪਾਲੇ ਦੀ ਵੱਡੀ ਕੁੜੀ ਦਾ ਵਿਆਹ ਹੋਇਆ ਸੀ ਸ਼ਰੀਕਾਂ ਦੀਆਂ ਹਿੱਕਾਂ ਮੱਚਦੀਆਂ ਸਨ।

ਵਿਚਾਲੜੀ ਕੁੜੀ ਵੀ ਪੜ੍ਹਾਈ ਵਿੱਚ ਹੁਸ਼ਿਆਰ ਸੀ। ਉਸ ਨੇ ਇਸੇ ਸਾਲ ਕਾਲਜ ਵਿੱਚ ਦਾਖਲਾ ਲੈ ਕੇ ਡਾਕਟਰੀ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਉਸ ਦੇ ਪਹਿਲੇ ਸਮੈਸਟਰ ਦੀ ਫ਼ੀਸ ਵੀ ਉਸ ਨੇ ਭਰ ਦਿੱਤੀ ਸੀ ਪਰ ਦੂਜੇ ਸਮੈਸਟਰ ਦੀ ਫ਼ੀਸ ਸਿਰ ਤੇ ਆ ਰਹੀ ਸੀ। ਉਸੇ ਲਈ ਉਹ ਆੜ੍ਹਤੀਆਂ ਕੋਲ ਗਿਆ ਸੀ। ਆੜਤੀਏ ਨੇ ਉਸ ਨੂੰ ਮੂਲ ਅਤੇ ਵਿਆਜ ਲਾ ਕੇ ਪਹਿਲਾਂ ਹੀ ਅੱਠ ਲੱਖ ਦਾ ਕਰਜ਼ਾ ਉਸ ਦੇ ਸਿਰ ਦੱਸ ਦਿੱਤਾ ਸੀ।

ਐਤਕੀਂ ਦੀ ਕਣਕ ਵਿੱਚੋਂ ਉਹ ਸੋਚਦਾ ਸੀ ਕਿ ਉਹ ਤਿੰਨ ਲੱਖ ਆੜ੍ਹਤੀਏ ਨੂੰ ਮੋੜ ਦੇਵੇਗਾ ਪਰ ਆੜਤੀਆ ਉਸ ਨੂੰ ਪੰਜ ਲੱਖ ਮੋੜਨ ਤੇ ਜ਼ੋਰ ਪਾ ਰਿਹਾ ਸੀ। ਉਸ ਦੀ ਸੜਕ ਤੇ ਆਉਂਦੇ ਆਉਂਦੇ ਆਪਣੇ ਖੇਤਾਂ ਵੱਲ ਨਿਗਾਹ ਪਈ ਤਾਂ ਉਸ ਦੀ ਰੂਹ ਖੁਸ਼ ਹੋ ਗਈ। ਉਹ ਸੋਚਦਾ ਸੀ ਕਿ ਝਾੜ ਤਾਂ ਸੋਹਣਾ ਨਿੱਕਲੂ ਇਸ ਵਾਰ, ਕੀ ਪਤਾ ਪੰਜ ਲੱਖ ਮੋੜਿਆ ਈ ਜਾਵੇ। ਖੇਤਾਂ ਵੱਲ ਨਿਗਾਹ ਮਾਰ ਕੇ ਉਸ ਦਾ ਦਿਲ ਖੁਸ਼ ਜਿਹਾ ਹੋ ਗਿਆ। ਛੋਟੀ ਕੁੜੀ ਦਸਵੀਂ ਤੇ ਸਭ ਤੋਂ ਛੋਟਾ ਇਕਲੌਤਾ ਪੁੱਤ ਅੱਠਵੀਂ ਵਿੱਚ ਪੜ੍ਹਦਾ ਸੀ। ਉਹਨਾਂ ਦੇ ਤਾਂ ਖਰਚੇ ਬਹੁਤੇ ਭਾਰੇ ਨਹੀਂ ਸਨ।

"ਪਾਪਾ ਜੀ ਇਸ ਵਾਰ ਦੀ ਫ਼ਸਲ ਤੇ ਮੈਂ ਨੀਂ ਕੱਲੇ ਸੂਟ ਨਾਲ ਸਾਰਨਾ....." ਜਿਵੇਂ ਹੀ ਪਾਲਾ ਸਿੰਘ ਸਾਈਕਲ ਵਿਹੜੇ ਵਿੱਚ ਖੜ੍ਹਾ ਕਰ ਕੇ ਅੰਦਰ ਆ ਕੇ ਬੈਠਾ ਈ ਸੀ ਕਿ ਛੋਟੀ ਕੁੜੀ ਨੇ ਗਲਾਸ ਪਾਣੀ ਦਾ ਉਸ ਵੱਲ ਵਧਾਉਂਦਿਆਂ ਲਾਡ ਨਾਲ਼ ਆਪਣੇ ਪਿਓ ਨੂੰ ਆਖਿਆ। " ਕੀ ਲੈਣਾ ਮੇਰੇ ਪੁੱਤ ਨੇ ਐਤਕੀਂ...ਓਏ! ਹਰਮਨ ਤੂੰ ਵੀ ਦੱਸ ਦੇ ...... ਤੂੰ ਕੀ ਲੈਣਾ...?" ਪਾਲਾ ਸਿੰਘ ਨੇ ਪਰਨੇ ਨਾਲ ਮੱਥੇ ਤੋਂ ਪਸੀਨਾ ਪੂੰਝਿਆ ਤੇ ਛੋਟੀ ਕੁੜੀ ਦੀ ਮੰਗ ਦੇ ਨਾਲ ਨਾਲ ਆਪਣੇ ਮੁੰਡੇ ਨੂੰ ਵੀ ਪੁੱਛ ਲਿਆ। "ਮੈਂ ਤਾਂ ਲਾਲ ਰੰਗ ਦਾ ਮੋਟੇ ਟੈਰਾਂ ਵਾਲ਼ਾ ਲੇਡੀ ਸਾਈਕਲ ਲੈਣੇਂ... ਨਾਲ਼ੇ ਮੈਨੂੰ ਬਸਤਾ ਰੱਖਣ ਲਈ ਮੂਹਰੇ ਟੋਕਰੀ ਵੀ ਲਵਾ ਦਿਓ...।"ਕੁੜੀ ਨੇ ਆਪਣੇ ਦਿਲ ਦੀ ਗੱਲ ਦੱਸੀ," ਹਾਂ ਪਾਪਾ ਜੀ.... ਇੱਕ ਚੀਜ਼ ਹੋਰ ਲੈਣੀ ਆਂ.......ਜਿਹੜਾ ਐਤਕੀਂ ਸੂਟ ਲੈ ਕੇ ਦਿਓਂਗੇ ਨਾ ,ਓਹਦੇ ਨਾਲ ਦੀ ਮੈਂ ਉੱਚੀ ਅੱਡੀ ਆਲ਼ੀ ਗੁਰਗਾਬੀ ਵੀ ਲੈਣੀ ਆ, ਮੈਂ ਮੰਮੀ ਜੀ ਨੂੰ ਪਹਿਲਾਂ ਹੀ ਦੱਸਤਾ.....।" ਫਿਰ ਕਿਹਾ। ਪਾਲੇ ਨੇ ਨਸੀਹਤ ਦਿੰਦੇ ਹੋਏ ਲਾਡ ਨਾਲ ਕਿਹਾ,"ਐਂ ਮਰ ਜਾਣੀਏ, ਤੂੰ ਸੂਟ ਨਾਲ ਦੀ ਗੁਰਗਾਬੀ ਪਾ ਕੇ ਕਿੱਥੇ ਜਾਣਾਂ....ਪੁੱਤ ਕੁੜੀਆਂ ਬਹੁਤੇ ਫੈਸ਼ਨ ਨੀ ਕਰਦੀਆਂ ਹੁੰਦੀਆਂ....।" ਕੁੜੀ ਨੇ ਦੱਸਿਆ,"ਪਾਪਾ ਜੀ ਇੱਕ ਨਾਟਕ ਵਿੱਚ ਕੁੜੀ ਦੇ ਪਾਇਆ ਹੁੰਦਾ, ਜਮਾਂ ਈ ਓਵੇਂ ਦਾ ਮੇਰੀ ਜਮਾਤ ਦੀ ਕੁੜੀ ਵੀ ਫੰਕਸ਼ਨ ਤੇ ਪਾ ਕੇ ਆਈ ਸੀ, ਬੜੀਆਂ ਟੌਰਾਂ ਮਾਰ ਮਾਰ ਕੇ ਸਾਨੂੰ ਸੜਾਉਂਦੀ ਸੀ.....ਹੂੰ....।" "ਹਾ ਹਾ ਹਾ... ਮਰ ਜਾਣੀ....ਓਏ ਹਰਮਨ ਤੂੰ ਚੁੱਪ ਕਰਿਆ ਬੈਠਾਂ...... ਤੂੰ ਨੀ ਕੁਛ ਬੋਲਦਾ....?" ਪਾਲੇ ਨੇ ਮੁੰਡੇ ਨੂੰ ਫੇਰ ਪੁੱਛਿਆ।"ਪਾਪਾ ਜੀ ਮੈਂ ਦੀਦੀ ਨਾਲ ਈ ਸਾਈਕਲ ਤੇ ਸਕੂਲੇ ਚਲਿਆ ਜਾਇਆ ਕਰੂੰਗਾ, ਮੈਨੂੰ ਤਾਂ ਕੁਛ ਨੀ ਚਾਹੀਦਾ।" ਮੁੰਡੇ ਨੇ ਹੌਲੀ ਜਿਹੀ ਅਵਾਜ਼ ਵਿੱਚ ਕਿਹਾ। ਅਸਲ ਵਿੱਚ ਮੁੰਡਾ ਜਮਾਂ ਈ ਮਾਂ ਵਰਗਾ ਸੀ ਤੇ ਬੋਲਦਾ ਵੀ ਮਾਂ ਵਾਂਗ ਹੀ ਸੀ।"ਜਿਊਂਦਾ ਰਹਿ ਪੁੱਤਰਾ, ਤੇਰੀਆਂ ਸਿਆਣੀਆਂ ਗੱਲਾਂ ਸੁਣ ਕੇ ਮੇਰਾ ਕਿੱਲੋ ਖ਼ੂਨ ਵਧ ਜਾਂਦਾ। ਤੂੰ ਹੀ ਤਾਂ ਸਾਡੇ ਬੁਢਾਪੇ ਦਾ ਸਹਾਰਾ ਐਂ..... ਕੁੜੀਆਂ ਨੇ ਤਾਂ ਤੁਰ ਜਾਣਾ ਆਪੋ ਆਪਣੇ ਘਰਾਂ ਨੂੰ...." ਹਜੇ ਉਸ ਦੀ ਗੱਲ ਵਿਚਾਲੇ ਹੀ ਸੀ ਕਿ ਵਿਚਕਾਰਲੀ ਕੁੜੀ ਬੋਲੀ," ਪਾਪਾ ਜੀ ਅੱਜ ਕੱਲ੍ਹ ਕੁੜੀਆਂ ਮੁੰਡੇ ਬਰਾਬਰ ਈ ਹੁੰਦੇ ਨੇ.... ਤੁਸੀਂ ਆਏਂ ਨਾ ਸੋਚਿਆ ਕਰੋ। ਹਾਂ ਸੱਚ ਪਾਪਾ ਜੀ ਮੈਨੂੰ ਲੈਪਟਾਪ ਚਾਹੀਦਾ ਸੀ....... ਉਹਦੇ ਬਿਨਾਂ ਮੇਰੀ ਪੜ੍ਹਾਈ ਵਿੱਚ ਦਿੱਕਤ ਆਉਂਦੀ ਆ.......।"

ਪਾਲਾ ਸਿੰਘ ਜਵਾਕਾਂ ਦੇ ਵਿਚਾਲੇ ਖੁਸ਼ ਹੋਇਆ ਬੈਠਾ ਆਪਣੀ ਘਰਵਾਲੀ ਨੂੰ ਪੁੱਛਦਾ," ਭਾਗਵਾਨੇ! ਤੂੰ ਵੀ ਦੱਸਦੇ ਕੋਈ ਛਾਂਪ -ਛੂਪ ਬਣਾਉਣੀ ਆ....... ਜੱਟ ਦੇ ਖੇਤਾਂ ਚ ਨਿਰਾ ਸੋਨਾ ਸੈਨਤਾਂ ਮਾਰ ਮਾਰ ਬੁਲਾਉਂਦਾ..... ਅੱਜ ਦੀ ਘੜੀ ਜੱਟ ਰਾਜਾ ਤੇ ਤੂੰ ਰਾਣੀ ਆਂ...." ਪਾਲਾ ਸਿੰਘ ਦੀ ਘਰਵਾ਼ਲੀ ਜੀਤੀ ਨੇ ਮੁਸਕਰਾਉਂਦਿਆਂ ਹੌਲੀ ਜਿਹੀ ਮਿੱਠੀ ਜਿਹੀ ਆਵਾਜ਼ ਵਿੱਚ ਕਿਹਾ," ਜੀ, ਮੈਂ ਤਾਂ ਜਿਸ ਦਿਨ ਇਸ ਘਰ ਵਿੱਚ ਆ ਗਈ, ਮੈਂ ਤਾਂ ਉਦੋਂ ਤੋਂ ਈ ਰਾਣੀ ਆਂ .... ਦੱਸੋ ਭਲਾ ਰੱਬ ਨੇ ਕੋਈ ਤੋਟ ਰੱਖੀ ਆ...?"ਸਾਰੇ ਜਣੇ ਹੱਸ ਪੈਂਦੇ ਹਨ ਤੇ ਸਾਰਾ ਟੱਬਰ ਖੁਸ਼ ਬੈਠਾ ਇਸ ਫ਼ਸਲ ਤੋਂ ਹੋਣ ਵਾਲੀ ਆਮਦਨ ਤੋਂ ਭਵਿੱਖ ਦੀਆਂ ਖੁਸ਼ੀਆਂ ਲੱਭ ਰਹੇ ਸਨ। ਦੋ ਘੜੀ ਪਾਲੇ ਨੂੰ ਕੁੜੀ ਦੀ ਫ਼ੀਸ ਤੇ ਆੜਤੀਆਂ ਦੇ ਪੰਜ ਲੱਖ ਕਰਜ਼ੇ ਦਾ ਚੇਤਾ ਹੀ ਭੁੱਲ ਗਿਆ ਸੀ।

ਅੱਧੀ ਰਾਤ ਨੂੰ ਸਾਰਾ ਟੱਬਰ ਵਿਹੜੇ ਵਿੱਚ ਸੁੱਤਾ ਪਿਆ ਸੀ ਕਿ ਪਿੰਡ ਦੇ ਤਿੰਨ ਚਾਰ ਚੋਬਰ ਪਾਲੇ ਨੂੰ ਉੱਚੀ ਉੱਚੀ ਹਾਕਾਂ ਮਾਰਦੇ ਕਾਹਲੀ ਨਾਲ ਬਾਹਰ ਬੁਲਾ ਰਹੇ ਸਨ। ਇੱਕ ਦਮ ਸਾਰਾ ਟੱਬਰ ਅੱਭੜਵਾਹੇ ਉੱਠ ਕੇ ਘਬਰਾਹਟ ਵਿੱਚ ਦਰਵਾਜ਼ੇ ਕੋਲ ਗਏ ਤਾਂ ਦੂਜੀ ਪੱਤੀ ਵਾਲੇ ਸੇਮੇ ਦੀ ਅਵਾਜ਼ ਸੀ ,ਜਿਸ ਦਾ ਪਾਲੇ ਨਾਲ ਕਾਫ਼ੀ ਸਹਿਚਾਰ ਸੀ। ਸਾਰੇ ਪਿੰਡ ਦੇ ਮੁੰਡਿਆਂ ਨੂੰ ਅਵਾਜ਼ਾਂ ਮਾਰਦੇ ਪਾਲੇ ਦੇ ਖੇਤਾਂ ਵੱਲ ਨੂੰ ਜਾਣ ਲਈ ਕਹਿ ਰਹੇ ਸਨ। ਪਾਲੇ ਦੇ ਸਾਹ ਸੁੱਕੇ ਪਏ ਸਨ,ਜੀਭ ਤਾਲੂਏ ਨੂੰ ਲੱਗ ਰਹੀ ਸੀ, ਬੁੱਲਾਂ ਤੇ ਸਿੱਕਰੀ,ਉਸ ਨੂੰ ਕੁਛ ਸਮਝ ਨਹੀਂ ਆ ਰਿਹਾ ਸੀ। ਮਗਰੇ ਸਾਰਾ ਟੱਬਰ ਖੇਤਾਂ ਵੱਲ ਨੂੰ ਭੱਜਿਆ ਜਾ ਰਿਹਾ ਸੀ। ਖੇਤਾਂ ਵਿੱਚ ਖੜੀਆਂ ਸੋਨੇ ਰੰਗੀਆਂ ਫ਼ਸਲਾਂ ਵਿੱਚੋਂ ਉੱਚੀਆਂ ਉੱਚੀਆਂ ਅੱਗ ਦੀਆਂ ਲਾਟਾਂ ਨਿਕਲਦੀਆਂ ਦੇਖ ਪਾਲਾ ਇੱਕ ਦਮ ਬੇਹੋਸ਼ ਹੋ ਕੇ ਡਿੱਗ ਪਿਆ, ਲੋਕਾਂ ਨੇ ਪਾਣੀ ਪੂਣੀ ਪਿਆ ਕੇ ਹੋਸ਼ ਵਿੱਚ ਲਿਆਂਦਾ,ਉਹ ਹੁਣ ਪੱਥਰ ਦੀ ਮੂਰਤੀ ਵਾਂਗ ਖੜ੍ਹਾ ਬਿਟ ਬਿਟ ਅੱਗ ਦੀਆਂ ਲਾਟਾਂ ਵੱਲ ਤੱਕ ਰਿਹਾ ਸੀ,ਉਸ ਵਿੱਚੋਂ ਉਸ ਨੂੰ ਜਵਾਕਾਂ ਦੇ ਸੁਪਨੇ ਸੜਦੇ ਹੋਏ ਨਜ਼ਰ ਆ ਰਹੇ ਸਨ। ਰੱਬ ਜਾਣੇ,ਅੱਗ ਸ਼ਰੀਕਾਂ ਨੇ ਲਾਈ ਸੀ ਜਾਂ ਆਪੇ ਲੱਗੀ ਸੀ। ਪਰ ਪਾਲਾ ਗੁੰਮ ਸੁੰਮ ਬੈਠਾ, ਕੋਈ ਉਸ ਨੂੰ ਧਰਵਾਸਾ ਦੇ ਰਿਹਾ ਸੀ, ਕੋਈ ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹੀ ਹਾਲਤ ਨਾਲ ਹਫ਼ਤਾ ਨਿਕਲ ਗਿਆ। ਘਰ ਵਿੱਚ ਮਾਤਮ ਛਾਇਆ ਹੋਇਆ ਸੀ,ਨਾ ਉਸ ਦਿਨ ਤੋਂ ਰੋਟੀ ਚੱਜ ਨਾਲ ਬਣੀ ਸੀ ਨਾ ਕਿਸੇ ਨੇ ਖਾਧੀ ਸੀ।

ਆੜਤੀਏ ਦੀ ਗੱਡੀ ਦਰਵਾਜ਼ੇ ਵਿੱਚ ਰੁਕੀ ਤਾਂ ਉਸ ਦਾ ਮੱਥਾ ਠਣਕਿਆ ਪਰ ਆੜਤੀਏ ਨੇ ਬੈਠ ਕੇ ਅਫ਼ਸੋਸ ਕੀਤਾ ਤੇ ਧੰਨਵਾਦ ਕੀਤਾ ਤੇ ਆਖਿਆ,"ਪਾਲਾ ਸਿੰਘ, ਐਨੀ ਵੱਡੀ ਦੁਰਘਟਨਾ ਤੋਂ ਬਾਅਦ ਵੀ ਤੂੰ ਮੇਰਾ ਸਾਰਾ ਕਰਜਾ ਲਾਹ ਦਿੱਤਾ ਹੈ। ਇਹੋ ਜਿਹੇ ਔਖ਼ੇ ਸਮੇਂ ਵਿੱਚ ਜੇ ਤੈਨੂੰ ਹੋਰ ਪੈਸੇ ਧੇਲੇ ਦੀ ਲੋੜ ਹੈ ਤਾਂ ਦੱਸੋ।" ਪਾਲਾ ਇੱਕ ਦਮ ਅੱਖਾਂ ਅੱਡ ਕੇ ਹੈਰਾਨੀ ਨਾਲ ਉਸ ਵੱਲ ਦੇਖਦਾ ਹੈ। ਆੜਤੀਆ ਹੱਥ ਬੰਨ੍ਹ ਕੇ ਸਤਿ ਸ੍ਰੀ ਆਕਾਲ ਬੁਲਾ ਕੇ ਚਲਾ ਗਿਆ। ਪਾਲੇ ਦੇ ਕੁਛ ਪੱਲੇ ਨਾ ਪਿਆ।

ਪਰਿਵਾਰ ਵੀ ਹੈਰਾਨ ਸੀ। ਕੁੜੀ ਨੂੰ ਕਾਲਜ ਤੋਂ ਫੋਨ ਆਇਆ ਕਿ ਅਗਲੇ ਸਮੈਸਟਰ ਦੀ ਉਸ ਦੀ ਫ਼ੀਸ ਆ ਗਈ ਹੈ ਇਸ ਲਈ ਸੋਮਵਾਰ ਤੋਂ ਕਾਲਜ ਆਉਣਾ ਸ਼ੁਰੂ ਕਰ ਦੇਵੇ। ਸਾਰੇ ਟੱਬਰ ਨੂੰ ਕੁਛ ਸਮਝ ਨਹੀਂ ਆ ਰਿਹਾ ਸੀ। ਦਰਵਾਜ਼ੇ ਵੱਲ ਦੇਖਿਆ ਤਾਂ ਸੁੱਖੀ ਤੇ ਉਸ ਦਾ ਪ੍ਰਾਹੁਣਾ ਅੰਦਰ ਆ ਰਹੇ ਸਨ। ਸੁੱਖੀ ਦੇ ਪ੍ਰਾਹੁਣੇ ਹਰਜੀਤ ਨੇ ਕਿਹਾ," ਪਾਪਾ ਜੀ, ਮੈਨੂੰ ਉਸੇ ਦਿਨ ਸਭ ਕੁਝ ਪਤਾ ਲੱਗ ਗਿਆ ਸੀ, ਮੈਂ ਉਦੋਂ ਹੀ ਟਿਕਟ ਕਰਾ ਲਈ ਸੀ । ਕੱਲ੍ਹ ਹੀ ਇੰਡੀਆ ਆਇਆਂ, ਪੁੱਤਾਂ ਵਾਂਗ ਪਾਲੀ ਫ਼ਸਲ ਤਾਂ ਮੈਂ ਵਾਪਸ ਨਹੀਂ ਕਰ ਸਕਦਾ,ਪਰ ਤੁਹਾਡੇ ਘਰ ਦਾ ਵੱਡਾ ਜਵਾਈ ਇੱਕ ਪੁੱਤਰ ਬਣ ਕੇ ਤੁਹਾਡਾ ਬੋਝ ਜ਼ਰੂਰ ਘੱਟ ਕਰ ਸਕਦਾਂ।" ਸਾਰੇ ਟੱਬਰ ਦੀਆਂ ਅੱਖਾਂ ਵਿੱਚ ਉਸ ਫ਼ਰਿਸ਼ਤੇ ਲਈ ਧੰਨਵਾਦੀ ਹੰਝੂਆਂ ਦਾ ਠਾਠਾਂ ਮਾਰਦਾ ਦਰਿਆ ਉਛਾਲੇ ਮਾਰ ਰਿਹਾ ਸੀ ਪਰ ਬੋਲਣ ਲਈ ਸ਼ਬਦ ਮੁੱਕ ਗਏ ਸਨ।







Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205



SANJHI SOCH
ਗੁਰਮੀਤ ਸਿੰਘ ਪਲਾਹੀ
98158-02070

# ਲੋਕਤੰਤਰ ਦਾ ਜਸ਼ਨ ਜਾਂ ਪੱਖਪਾਤੀ ਚੋਣਾਂ

ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੌਰਾਨ 23 ਅਪ੍ਰੈਲ 2026 ਨੂੰ ਰਿਕਾਰਡ ਵੋਟਿੰਗ ਦਰਜ ਕੀਤੀ ਗਈ। ਪੱਛਮੀ ਬੰਗਾਲ ਵਿੱਚ ਪਹਿਲੇ ਪੜਾਅ ਤਹਿਤ ਪਈਆਂ ਵੋਟਾਂ ਦੌਰਾਨ 3.60 ਕਰੋੜ ਵੋਟਰਾਂ ਵਿੱਚੋਂ 92.72 ਫ਼ੀਸਦੀ ਨੇ ਵੋਟਾਂ ਦੀ ਵਰਤੋਂ ਕੀਤੀ, ਜੋ ਕਿ ਸੂਬੇ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਵੱਧ ਵੋਟਿੰਗ ਹੈ। ਤਾਮਿਲਨਾਡੂ ਵਿਧਾਨ ਸਭਾ ਲਈ ਪਈਆਂ 234 ਸੀਟਾਂ ਲਈ 5.73 ਕਰੋੜ ਯੋਗ ਵੋਟਰਾਂ ਵਿੱਚੋਂ 85.4 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਇਹ ਵੀ ਰਿਕਾਰਡ ਤੋੜ ਵੋਟਿੰਗ ਰਹੀ।

ਦੇਸ਼ ਦਾ ਚੋਣ ਕਮਿਸ਼ਨ ਖੁਸ਼ ਹੈ। ਦੇਸ਼ ਦਾ ਚੋਣ ਕਮਿਸ਼ਨ ਕਹਿੰਦਾ ਹੈ ਦੋਵਾਂ ਸੂਬਿਆਂ ਦੇ ਵੋਟਰਾਂ ਨੂੰ ਸਲਾਮ।

ਪਰ ਪੱਛਮੀ ਬੰਗਾਲ ਦੇ ਪਹਿਲੇ ਪੜਾਅ ਵਿੱਚ ਜਿੱਥੇ ਵੋਟਾਂ ਕਰਵਾਈਆਂ ਗਈਆਂ, ਉਹਨਾਂ ਇਲਾਕਿਆਂ ਵਿੱਚ ਆਪਣੇ ਨਾਮ ਕੱਟੇ 27 ਲੱਖ ਵੋਟਰਾਂ ਨੇ ਚੋਣ ਕਮਿਸ਼ਨ ਅੱਗੇ ਆਪਣੀ ਵੋਟ ਠੀਕ ਕਰਵਾਉਣ ਲਈ ਫ਼ਰਿਆਦਾਂ ਕੀਤੀਆਂ। ਇਹਨਾਂ 27 ਲੱਖ ਵੋਟਰਾਂ ਵਿੱਚੋਂ ਸਿਰਫ਼ 650 ਅਰਜ਼ੀਆਂ ਉੱਤੇ ਚੋਣ ਕਮਿਸ਼ਨ ਨੇ ਵਿਚਾਰ ਕੀਤਾ ਅਤੇ 139 ਨੂੰ ਹੀ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ।

ਇਸੇ ਤਰ੍ਹਾਂ ਤਾਮਿਲਨਾਡੂ ਵਿੱਚ ਵੋਟਰ ਸਫ਼ਾਈ ਅਭਿਆਨ ਦੌਰਾਨ ਲੱਖਾਂ ਵੋਟਾਂ ਕੱਟੀਆਂ ਗਈਆਂ। ਵਿਰੋਧੀ ਧਿਰਾਂ ਅਤੇ ਲੋਕ, ਇਨਸਾਫ਼ ਲੈਣ ਦੇ ਲਈ ਸੁਪਰੀਮ ਕੋਰਟ ਤੱਕ ਪੁੱਜੇ, ਕਿਉਂਕਿ ਇੱਥੇ ਵੀ ਉਸੇ ਕਿਸਮ ਦੇ ਸ਼ੰਕੇ ਅਤੇ ਇਲਜ਼ਾਮ ਚੋਣ ਕਮਿਸ਼ਨ ਵਿਰੁੱਧ ਸਾਹਮਣੇ ਆਏ ਜੋ ਪੱਛਮੀ ਬੰਗਾਲ ਵਿੱਚ ਸਨ।

ਕੀ ਇਹ ਭਾਰਤੀ ਚੋਣ ਕਮਿਸ਼ਨ ਦੀ ਦੇਸ਼ ਦੇ ਵੱਡੇ ਹਾਕਮ ਨੂੰ ਖ਼ੁਸ਼ ਕਰਨ ਵਾਲੀ, ਬੇਈਮਾਨ ਪੱਖਪਾਤੀ ਕਾਰਵਾਈ ਨਹੀਂ ਹੈ? ਸ਼ਾਇਦ ਤਦੇ ਦੇਸ਼ ਦਾ ਵੱਡਾ ਹਾਕਮ ਬੰਗਾਲ ਵਿੱਚ ਹੂੰਝਾ ਫੇਰੂ ਜਿੱਤ ਦਾ ਦਾਅਵਾ ਕਰਦਾ ਹੈ। ਜਦੋਂ ਦੇਸ਼ ਦਾ ਵੱਡਾ ਹਾਕਮ ਪਹਿਲਾਂ ਹੀ ਜਿੱਤ ਦੇ ਦਾਅਵੇ ਕਰ ਰਿਹਾ ਹੋਵੇ ਅਤੇ ਕਮਿਸ਼ਨ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰੇ, ਤਾਂ ਕੀ ਇਹ ਨਿਰਪੱਖ ਚੋਣਾਂ ਦੇ ਦਾਅਵੇ ਨੂੰ ਖੋਖਲਾ ਸਾਬਤ ਨਹੀਂ ਕਰਦਾ?

ਹਾਕਮ ਧਿਰ ਭਾਜਪਾ, ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਜਿੱਤਣ ਲਈ ਪੱਬਾਂ ਭਾਰ ਰਹੀ। ਜਿੱਥੇ ਚੋਣ ਕਮਿਸ਼ਨ ਰਾਹੀਂ "ਵੋਟਰ ਸਹੀ ਹੈ ਜਾਂ ਵੋਟਰ ਗਲਤ ਹੈ" ਦਾ ਪ੍ਰਮਾਣ ਜਾਰੀ ਕਰਕੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਵੱਡੀ ਗਿਣਤੀ ਵਿੱਚ ਵੋਟਾਂ ਕੱਟੀਆਂ ਗਈਆਂ ਹਨ, ਉੱਥੇ ਵੱਡੀ ਰਾਜਨੀਤਿਕ ਚਾਲ ਚਲਦਿਆਂ ਦੇਸ਼ ਦੀ ਪਾਰਲੀਮੈਂਟ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਨਾਰੀ ਰਾਖਵਾਂਕਰਨ ਸੋਧ ਬਿੱਲ ਲਿਆ ਕੇ ਔਰਤਾਂ ਨੂੰ ਖ਼ੁਸ਼ ਕਰਨ ਦੀ ਚਾਲ ਵੀ ਚੱਲੀ ਗਈ। ਭਾਵੇਂ ਕਿ ਇਸ ਬਿੱਲ ਨੂੰ ਵਿਰੋਧੀ ਧਿਰ ਨੇ ਇੱਕਜੁੱਟ ਹੋ ਕੇ ਪਾਸ ਹੋਣ ਤੋਂ ਰੋਕ ਦਿੱਤਾ।

ਕੀ ਨਾਰੀ ਰਿਜ਼ਰਵੇਸ਼ਨ ਸੋਧ ਬਿੱਲ ਦੀ ਆੜ ਵਿੱਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਸੀਟਾਂ ਵਧਾਉਣ ਦੀ ਇਹ ਸਾਜ਼ਿਸ਼ ਨਹੀਂ ਸੀ? ਕੀ ਵਿਰੋਧੀ ਧਿਰ ਨੂੰ ਔਰਤਾਂ ਵਿਰੋਧੀ ਘੋਸ਼ਿਤ ਕਰਨ ਦੀ ਵੀ ਸਾਜ਼ਿਸ਼ ਨਹੀਂ ਸੀ ਜੋ ਇਹਨਾਂ ਚੋਣਾਂ ਦੇ ਵਿਚਕਾਰ ਸਿਰਫ਼ ਅਤੇ ਸਿਰਫ਼ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਸਾਜ਼ਿਸ਼ ਰਚੀ ਗਈ ਸੀ।

ਜਿਸ ਢੰਗ ਨਾਲ ਪੱਛਮੀ ਬੰਗਾਲ ਵਿੱਚ ਰਿਕਾਰਡ ਤੋੜ ਵੋਟਿੰਗ ਹੋਈ ਹੈ, ਭਾਵੇਂ ਉਸ ਬਾਰੇ ਕਿਸੇ ਵੀ ਧਿਰ ਦੀ ਜਿੱਤ ਦਾ ਅੰਦਾਜ਼ਾ ਲਗਾਉਣਾ ਔਖਾ ਹੈ, ਪਰ ਖ਼ਬਰਾਂ ਇਸ ਕਿਸਮ ਦੀਆਂ ਹਨ ਕਿ ਭਾਜਪਾ ਦੇ ਰੱਥ ਨੂੰ ਰੋਕਣ ਲਈ ਆਮ ਲੋਕਾਂ ਨੇ ਇੱਕਠੇ ਹੋ ਕੇ,ਹਿੱਕ ਡਾਹ ਕੇ ਰਿਕਾਰਡ ਤੋੜ ਵੋਟਿੰਗ ਕੀਤੀ ਹੈ। ਦੂਜੇ ਪਾਸੇ, ਭਾਜਪਾ ਦੀ ਕੇਂਦਰ ਸਰਕਾਰ ਨੇ ਕੇਂਦਰੀ ਫੋਰਸ ਤਾਇਨਾਤ ਕੀਤੀ ਅਤੇ ਹੁਣ ਤੱਕ ਵੀ ਭਾਰਤੀ ਇਨਫੋਰਸਮੈਂਟ ਵਿਭਾਗ ਦੇ ਛਾਪੇ ਪੱਛਮੀ ਬੰਗਾਲ 'ਚ ਮਰਵਾਏ ਜਾ ਰਹੇ ਹਨ। ਲੋਕਾਂ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੂੰ ਡਰਾਇਆ ਜਾ ਰਿਹਾ ਹੈ।

ਪਹਿਲਾਂ ਵੀ ਭਾਜਪਾ ਦੱਖਣੀ ਰਾਜਾਂ ਤਾਮਿਲਨਾਡੂ, ਕੇਰਲਾ ਅਤੇ ਕਰਨਾਟਕ ਵਿੱਚ ਅਜਿਹੀਆਂ ਛਾਪੇਮਾਰੀਆਂ ਕਰ ਚੁੱਕੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਚਾਲਾਂ ਚਲਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਪੱਛਮੀ ਬੰਗਾਲ ਦੇ 294 ਖੇਤਰਾਂ ਵਿੱਚ ਵੋਟਰਾਂ ਦੇ ਕਈ ਥਾਵਾਂ ਉੱਤੇ ਬੇਵਜਹ ਨਾਮ ਕੱਟਿਆ ਜਾਣਾ ਪ੍ਰੇਸ਼ਾਨ ਕਰਦਾ ਨਜ਼ਰ ਆਉਂਦਾ ਹੈ। ਕਈ ਥਾਵਾਂ ਉੱਤੇ ਭਾਜਪਾ ਪਹਿਲਾਂ ਹੀ ਮਜ਼ਬੂਤ ਸੀ, ਉੱਥੇ ਵੀ ਵਿਰੋਧੀਆਂ ਦੇ ਨਾਮ ਕੱਟੇ ਗਏ। ਕੀ ਇਹ ਵੋਟਰਾਂ ਜਾਂ ਦੇਸ਼ ਦੇ ਨਾਗਰਿਕਾਂ ਨਾਲ ਧੱਕਾ ਨਹੀਂ?

ਲੱਖਾਂ ਵੋਟਰ, ਜਿਨ੍ਹਾਂ ਦੇ ਨਾਮ ਵੋਟਰ ਲਿਸਟਾਂ ਵਿੱਚੋਂ ਕੱਟੇ ਗਏ ਹਨ, ਉਹਨਾਂ ਕੋਲ ਵੋਟਰ ਪਾਤਰਤਾ ਦੇ ਪੂਰੇ ਸਬੂਤ ਹਨ। ਪਰ ਨਾ ਤਾਂ ਭਾਰਤੀ ਚੋਣ ਕਮਿਸ਼ਨ ਨੇ ਉਹਨਾਂ ਦੀ ਸੁਣੀ ਅਤੇ ਨਾ ਹੀ ਉਹ ਅਦਾਲਤ ਵਿੱਚੋਂ ਇਨਸਾਫ਼ ਪ੍ਰਾਪਤ ਕਰ ਸਕੇ। ਕੀ ਇਹ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸ਼ਰਮਸਾਰ ਕਰਨ ਦਾ ਯਤਨ ਨਹੀਂ?

ਅਸਲ ਵਿੱਚ ਪੱਛਮੀ ਬੰਗਾਲ ਵਿੱਚ ਪੁਨਰ ਨਿਰੀਖਣ ਨੂੰ ਨਾਗਰਿਕਤਾ ਨਿਰਧਾਰਨ ਦੇ ਰੂਪ ਵਿੱਚ ਦੇਖਿਆ ਗਿਆ। ਇਸ ਲਈ ਧਰਮ, ਭਾਸ਼ਾ ਜਾਂ ਵਰਗ ਦੀ ਪ੍ਰਵਾਹ ਕੀਤੇ ਬਿਨਾਂ ਦਹਿਸ਼ਤ ਅਤੇ ਚਿੰਤਾ ਦੇਖਣ ਨੂੰ ਮਿਲੀ। ਇਹ ਕੇਵਲ ਵੋਟਾਂ ਨਾ ਪਾਉਣ ਦਾ ਡਰ ਨਹੀਂ ਸੀ ਬਲਕਿ ਸਮਾਜ ਵਿੱਚ ਆਪਣਾ ਥਾਂ ਖੋਹੇ ਜਾਣ ਦਾ ਮਾਮਲਾ ਸੀ।

ਪੱਛਮੀ ਬੰਗਾਲ ਵਿੱਚ ਵੋਟਰਾਂ ਦੇ ਪੁਨਰ-ਨਿਰੀਖਣ ਦੌਰਾਨ ਜੋ ਪ੍ਰਕਿਰਿਆ ਅਪਣਾਈ ਗਈ, ਉਹ ਬਿਹਾਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿੱਚ ਨਹੀਂ ਸੀ ਅਪਣਾਈ ਗਈ। ਨਵੰਬਰ 2025 ਤੋਂ ਸ਼ੁਰੂ ਹੋ ਕੇ ਇਹ ਕਵਾਇਤ ਲਗਾਤਾਰ ਜਾਰੀ ਰਹੀ ਕਿ ਜਿਨ੍ਹਾਂ ਵੋਟਰਾਂ ਦੇ ਨਾਮ 2002 ਦੀ ਮਤਦਾਤਾ ਸੂਚੀ ਵਿੱਚ ਸਨ, ਉਹਨਾਂ ਨੂੰ ਹੀ ਮਤਦਾਤਾ ਸੂਚੀ ਵਿੱਚ ਸ਼ਾਮਲ ਹੋਣ ਦੇ ਯੋਗ ਮੰਨਿਆ ਗਿਆ। ਜਿਨ੍ਹਾਂ ਦੇ ਨਾਮ ਮਤਦਾਤਾ ਸੂਚੀ ਵਿਚ ਨਹੀਂ ਸਨ, ਉਹਨਾਂ ਦੇ ਪਿਤਾ ਦਾ ਨਾਮ 2002 ਦੀ ਸੂਚੀ ਵਿੱਚ ਸ਼ਾਮਲ ਹੋਣਾ ਜ਼ਰੂਰੀ ਸੀ। ਇਹਨਾਂ ਦੋਨਾਂ ਸ਼੍ਰੇਣੀਆਂ ਵਿੱਚ ਨਾਮ ਆਉਣ ਵਾਲੇ ਵੋਟਰਾਂ ਨੂੰ ਨਵੇਂ ਵੋਟਰ ਦੇ ਰੂਪ ਵਿੱਚ ਬੇਨਤੀ ਪੱਤਰ ਦੇਣਾ ਜ਼ਰੂਰੀ ਸੀ। ਸਾਲ 2024 ਦੀ ਲੋਕ ਸਭਾ ਚੋਣ ਵੇਲੇ 90.82 ਲੱਖ ਵੋਟਰਾਂ ਦੇ ਨਾਮ ਕੱਟੇ ਗਏ ਸਨ, ਜਿਹਨਾਂ ਵਿੱਚੋਂ ਮਰਨ ਵਾਲਿਆਂ ਦੀ ਗਿਣਤੀ 65 ਲੱਖ ਸੀ ਅਤੇ ਬਾਕੀ ਸੂਬੇ ਵਿੱਚ ਹਾਜ਼ਰ ਨਹੀਂ ਸੀ ਜਾਂ ਜਿਹਨਾਂ ਦੇ ਨਾਮ ਦੋਹਰੇ ਦਰਜ਼ ਸਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ, ਦੇਸ਼ ਵਿੱਚ ਇਸ ਢੰਗ ਨਾਲ ਕੰਮ ਕਰ ਰਹੀ ਹੈ ਕਿ ਦੇਸ਼ 'ਚੋਂ ਵਿਰੋਧੀ ਧਿਰ ਨੂੰ ਖ਼ਤਮ ਕਰ ਦਿੱਤਾ ਜਾਵੇ। ਚੋਣ ਜਿੱਤਣ ਲਈ ਹਰ ਵਾਹ ਲਗਾਈ ਜਾਵੇ। ਵਿਰੋਧੀਆਂ ਨੂੰ ਚਿੱਤ ਕਰਨ ਲਈ, ਆਮਦਨ ਕਰ ਵਿਭਾਗ, ਈ.ਡੀ. ਅਤੇ ਹੋਰ ਏਜੰਸੀਆਂ ਦੀ ਸਹਾਇਤਾ ਨਾਲ ਲਗਾਤਾਰਤਾ ਨਾਲ ਯਤਨ ਹੋਣ। ਦੋ ਉਦਾਹਰਨਾਂ ਹਨ-ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਨੂੰ ਆਪਣੀ ਪਾਰਟੀ 'ਚ ਉਪਰੋਕਤ ਏਜੰਸੀਆਂ ਜਾਂ ਨਿੱਜੀ ਲਾਲਚ ਦੇਕੇ ਸ਼ਾਮਲ ਕਰ ਲਿਆ ਗਿਆ। ਗੁਜਰਾਤ ਵਿੱਚ ਸਥਾਨਕ ਚੋਣਾਂ 'ਚ ਵੱਡੀ ਗਿਣਤੀ ਉਮੀਦਵਾਰ ਸਰਬਸੰਮਤੀ ਨਾਲ ਜਿੱਤਾ ਲਏ ਗਏ ਅਤੇ ਵਿਰੋਧੀਆਂ ਦੇ ਨਾਮਕਣ ਡਰ ਜਾਂ ਲਾਲਚ ਨਾਲ ਵਾਪਿਸ ਕਰਵਾਏ ਗਏ। ਇਹੋ ਹਾਲ ਗੁਜਰਾਤ 'ਚ ਅਸੰਬਲੀ ਸੀਟ 'ਚ ਨਿਰਵਿਰੋਧ ਚੋਣ ਦਾ ਮਾਮਲਾ ਸਾਹਮਣੇ ਆਇਆ ਸੀ। ਕੀ ਇਹ ਲੋਕਤੰਤਰ ਹੈ? ਕੀ ਇਹ ਇਹ ਆਮ ਲੋਕਾਂ ਦੇ ਹੱਕਾਂ ਉੱਤੇ ਚਿੱਟੇ ਦਿਨ ਡਾਕਾ ਨਹੀਂ?

ਅਸਲ 'ਚ ਭਾਜਪਾ ਦੀ ਸੋਚ ਲੋਕਤੰਤਰੀ ਨਹੀਂ, ਸਗੋਂ ਅਲਗ ਹੈ। ਉਸਦਾ ਟਿੱਚਾ ਸਿਰਫ਼ ਚੋਣ ਜਿੱਤਣਾ ਨਹੀਂ, ਬਲਕਿ ਚੋਣ ਜਿੱਤਣਾ ਅਤੇ ਹਮੇਸ਼ਾ ਲਈ ਚੋਣ ਜਿੱਤਦੇ ਰਹਿਣਾ ਹੈ ਅਤੇ ਸਦਾ ਸੱਤਾ ਵਿੱਚ ਬਣੇ ਰਹਿਣਾ ਹੈ। ਇਸ ਕੰਮ ਲਈ ਉਸ ਵੱਲੋਂ ਧਨ, ਬਲ, ਰਾਜਪਾਲ, ਨੌਕਰਸ਼ਾਹੀ ਤੰਤਰ ਅਤੇ ਤਲਾਸ਼ੀ, ਜਬਤੀ, ਗ੍ਰਿਫ਼ਤਾਰੀ ਕਰਨ ਵਾਲੀਆਂ ਆਗਿਆਕਾਰੀ ਜਾਂਚ ਏਜੰਸੀਆਂ ਅਤੇ ਇੱਥੋਂ ਤੱਕ ਕਿ ਮੀਡੀਆ ਅਤੇ ਚੋਣ ਕਮਿਸ਼ਨ ਦੀ ਵਰਤੋਂ ਅਤੇ ਸਮਰੱਥਨ ਵੀ ਪ੍ਰਾਪਤ ਕਰ ਲਿਆ ਹੈ।

ਕਿੱਧਰੇ-ਕਿੱਧਰੇ ਅਦਾਲਤਾਂ ਵੀ ਦੱਬੀ-ਘੁੱਟੀ ਜ਼ੁਬਾਨ ਵਿੱਚ ਇਸ ਨਾਲ ਖੜ੍ਹੀਆਂ ਦਿੱਖਦੀਆਂ ਹਨ। ਖ਼ਾਸ ਤੌਰ 'ਤੇ ਇਹ ਦ੍ਰਿਸ਼ ਪੱਛਮੀ ਬੰਗਾਲ ਚੋਣਾਂ ਵਿੱਚ ਦੇਖਣ ਨੂੰ ਮਿਲਿਆ ਜਦੋਂ ਸੂਬੇ ਦੀ ਮੁੱਖ ਮੰਤਰੀ ਆਪਣੇ ਵੋਟਰਾਂ ਦੇ ਅਧਿਕਾਰਾਂ ਲਈ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਵਿੱਚ ਜਾ ਪੇਸ਼ ਹੋਈ। ਭਾਵੇਂ ਕਿ ਪੱਛਮੀ ਬੰਗਾਲ ਦੇ ਵੋਟਰਾਂ ਨੂੰ ਇਸ ਮਾਮਲੇ 'ਤੇ ਲੰਮੀ ਨਿਆਇਕ ਪ੍ਰਕਿਰਿਆ ਕਾਰਨ ਵੱਡਾ ਫ਼ਾਇਦਾ ਨਾ ਪੁੱਜ ਸਕਿਆ। ਇਹ ਵੇਖਣ ਵਾਲੀ ਗੱਲ ਹੈ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੇ ਕੇਸਾਂ ਦੇ ਨਿਪਟਾਰੇ ਲਈ ਨਾ ਤਾਮਿਲਨਾਡੂ ਵਿੱਚ ਅਤੇ ਨਾ ਹੀ ਪੱਛਮੀ ਬੰਗਾਲ ਵਿੱਚ ਸੰਜੀਦਗੀ ਦਿਖਾਈ।

ਅੰਦਾਜ਼ਾ ਹੈ ਕਿ ਜੇ 10 ਲੱਖ ਅਪੀਲਾਂ ਦਾ ਨਿਪਟਾਰਾ ਕਰਨਾ ਹੋਵੇ, ਤਾਂ 526 ਕੰਮ ਦੇ ਦਿਨ ਲੱਗਣਗੇ, ਜੋ ਦੋ ਸਾਲ ਤੋਂ ਵੱਧ ਸਮਾਂ ਹੈ। ਇਸ ਨਾਲ ਸਮਝਿਆ ਜਾ ਸਕਦਾ ਹੈ ਕਿ ਚੋਣ ਕਮਿਸ਼ਨ ਨੇ 27 ਲੱਖ ਮਾਮਲਿਆਂ ਦਾ ਨਿਪਟਾਰਾ ਕਿਵੇਂ ਕੀਤਾ ਹੋਵੇਗਾ?

ਇਸ ਤਰ੍ਹਾਂ, ਲੱਖਾਂ ਵੋਟਰ-ਜਿਨ੍ਹਾਂ ਕੋਲ ਪੂਰੇ ਸਬੂਤ ਹਨ- ਲੋਕਤੰਤਰ ਦੇ ਇਸ ਮਹਾਨ ਕੁੰਭ ਵਿੱਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਣਗੇ। ਇਹ ਸਮਝਿਆ ਜਾ ਸਕਦਾ ਹੈ ਕਿ ਭਾਰਤੀ ਚੋਣ ਕਮਿਸ਼ਨ ਅਤੇ ਅਦਾਲਤਾਂ ਨੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਕਿੰਨੀ ਵੱਡੀ ਮੁਸੀਬਤ ਵਿੱਚ ਫਸਾ ਦਿੱਤਾ ਹੈ, ਉਹਨਾਂ ਵੋਟਰਾਂ ਨੂੰ ਜਿਹਨਾਂ ਵੋਟਰਾਂ ਕੋਲ ਪਾਤਰਤਾ ਦੇ ਪੱਕੇ ਸਬੂਤ ਹਨ। ਇਸ ਸਥਿਤੀ ਵਿੱਚ ਉਹ ਲੋਕਤੰਤਰ ਦੇ ਇਸ ਮਹਾਂਕੁੰਭ ਵਿੱਚ ਹਿੱਸਾ ਲੈਣ ਤੋਂ ਵਾਂਝੇ ਰਹਿ ਹੀ ਜਾਣਗੇ ਅਗਲੇ ਦੋ ਸਾਲ ਵੀ ਮਤਦਾਨ ਦੇ ਅਧਿਕਾਰ ਤੋਂ ਵਿਰਵੇ ਰਹਿ ਜਾਣਗੇ।

ਭਾਰਤੀ ਚੋਣ ਕਮਿਸ਼ਨ ਗਦ-ਗਦ ਹੈ ਕਿ ਰਿਕਾਰਡ ਵੋਟਿੰਗ ਹੋਈ ਹੈ, ਪਰ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਉੱਤੇ ਗੰਭੀਰ ਸਵਾਲ ਖੜੇ ਹੋ ਰਹੇ ਹਨ। ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਜਾ ਰਿਹਾ ਹੈ।ਇਹ ਹਾਲਾਤ ਦਰਸਾਉਂਦੇ ਹਨ ਕਿ ਚੋਣ ਕਮਿਸ਼ਨ ਸੁਤੰਤਰ ਸੰਸਥਾ ਨਹੀਂ ਰਹੀ, ਸਗੋਂ ਇੱਕ "ਰਬੜ ਦੀ ਮੋਹਰ" ਬਣ ਕੇ ਰਹਿ ਗਿਆ ਹੈ।







Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com





ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



SANJHI SOCH
ਮੇਜਰ ਸਿੰਘ ਨਾਭਾ
946355962

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਕਦੋਂ ਖੁੱਲ੍ਹੇਗਾ?


ਗੁਰੂ ਨਾਨਕ ਦੇਵ ਜੀ 1525 ਦੇ ਕਰੀਬ ਰਾਵੀ ਦੇ ਕੰਢੇ ਆ ਕੇ ਖੇਤੀ ਕਰਨ ਲੱਗ ਪਏ ।ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਉਨ੍ਹਾਂ ਕਰਤਾਰਪੁਰ ਵਿਖੇ ਆਪਣੀ ਜ਼ਿੰਦਗੀ ਦੇ ਕਰੀਬ ਲੰਬੇ ਸਮੇਂ ਨੂੰ ਸਮਰਪਿਤ ਕਰਕੇ ਵਾਸਤਵਿਕ ਰੂਪ ਦਿੱਤਾ । ਆਪ ਵਲੋਂ ਲਾਇਆ ਰਾਵੀ ਦੇ ਪੱਤਣ ਨੇੜੇ ਕਰਤਾਰਪੁਰ ਵਿਖੇ ਸਿੱਖੀ ਦਾ ਬੂਟਾ ਜੜ੍ਹ ਫੜ੍ਹ ਗਿਆ ਸੀ ।ਇਥੇ ਹੀ ਆਪ ਨੇ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦਾ ਨਾਂ ਦਿੱਤਾ । ਇਥੋਂ ਦੀ ਮਿਟੀ ਵਿੱਚ 1539 ਈ: ਨੂੰ ਨਾਨਕ ਫੁੱਲਾਂ ਦੀ ਖੁਸ਼ਬੋ ਛੱਡ ਕੇ ਤੁਰ ਗਿਆ ।ਦੇਸ਼ ਦੀ ਵੰਡ ਸਮੇਂ ਕਾਫੀ ਇਤਿਹਾਸਕ ਗੁਰਦੁਆਰਾ ਸਾਹਿਬ ਜੋ ਪਾਕਿਸਤਾਨ ਵਿਖੇ ਹਨ ਸਿੱਖ ਸਰਧਾਲੂਆਂ ਲਈ ਉਨ੍ਹਾ ਦੇ ਦਰਸ਼ਨ ਕਰਨੇ ਦੁਰਲਭ ਹੋ ਗਏ ।

ਡੇਰਾ ਬਾਬਾ ਨਾਨਕ ਤੋਂ ਸਰਹੱਦ ਦੇ ਬਿਲਕੁਲ ਨੇੜੇ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਸਿੱਖ ਸਰਧਾਲੂਆਂ ਵਲੋਂ ਦਰਸ਼ਨਾਂ ਲਈ ਦੋਹਾਂ ਸਰਕਾਰਾਂ ਅੰਦਰ ਇੱਕ ਲਾਂਘਾ ਬਣਾਉਣ ਦੀ ਸਹਿਮਤੀ ਬਣੀ ।ਕਰਤਾਰਪੁਰ ਕੋਰੀਡੋਰ ਦੀ ਪ੍ਰੋਪੋਜਲ ਸਭ ਤੋਂ ਪਹਿਲਾਂ 1999 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸਰੀਫ ਵਲੋਂ ਉਲੀਕੀ ਗਈ ਪਰ ਦਿੱਲੀ- ਲਾਹੌਰ ਬਸ ਦੀ ਸ਼ੁਰੂਆਤ ਨੇ ਇਸ ਦੀ ਥਾਂ ਲੈਣ ਕਾਰਨ ਇਹ ਪ੍ਰਜੈਕਟ ਸਿਰੇ ਨਾ ਚੜ੍ਹਿਆ ।ਉਂਝ ਸਰਹੱਦ ਉੱਪਰ ਇੱਕ ਦੂਰਬੀਨ ਦਾ ਪ੍ਰਬੰਧ ਹੈ ਜਿਸ ਦੁਆਰਾ ਲੋਕੀਂ ਗੁਰਦੁਆਰਾ ਸਾਹਿਬ ਦੇ ਦੂਰੋਂ ਦਰਸ਼ਨ ਕਰ ਸਕਦੇ ਹਨ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 26 ਨਵੰਬਰ 2018 ਨੂੰ ਇਸ ਕੋਰੀਡੋਰ ਦਾ ਨੀਂਹ ਪੱਥਰ ਰੱਖਿਆ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਂਪਣੇ ਪਾਸੇ ਦੋ ਦਿਨ ਬਾਅਦ ਰੱਖਿਆ। ਸਿੱਖ ਸੰਗਤ ਦੀ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨ ਕਰਨ ਦੀ ਤਾਂਘ ਕਰਤਾਰਪੁਰ ਲਾਂਘੇ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ਪੁਰਬ ਨੂੰ ਸਮਰਪਿਤ 9 ਨਵੰਬਰ 2019 'ਚ ਖੁੱਲ੍ਹਣ ਨਾਲ ਪੂਰੀ ਹੋਈ ਸੀ ਜਿਸ ਕਰਕੇ ਰੋਜ਼ਾਨਾ ਸ਼ੈਂਕੜੇ ਸਰਧਾਲੂ ਆਪਣੀ ਕਾਗਜ਼ੀ ਕਾਰਵਾਈ ਪੂਰੀ ਕਰਕੇ ਰਜ਼ਿਸਟ੍ਰੇਸ਼ਨ ਕਰਾਕੇ ਨਿਸਚਿਤ ਦਿਨ ਉੱਪਰ ਸਵੇਰੇ ਕਰਤਾਰਪੁਰ ਕੋਰੀਡਾਰ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਸਾਮੀਂ ਨਿਸਚਿਤ ਸਮੇਂ ਅੰਦਰ ਵਾਪਿਸ ਆ ਜਾਂਦੇ ਰਹੇ ਹਨ ।ਕਰੋਨਾ ਵੇਲੇ ਡੇਢ ਸਾਲ ਕੋਰੀਡੋਰ ਬੰਦ ਰਹਿਣ ਤੋਂ ਬਾਅਦ ਮੁੜ 17 ਨਵੰਬਰ 2021 ਨੂੰ ਖੁਲ੍ਹਿਆ।

ਪਿਛਲੇ ਸਾਲ 7 ਮਈ 2025 ਨੂੰ ਪਹਿਲਗਾਮ ਹਮਲੇ ਦੇ ਕਾਰਨ ਪਾਕਿਸਤਾਨ – ਭਾਰਤ ਸਬੰਧ ਤਣਾਅ ਪੂਰਵਕ ਹੋਣ ਕਾਰਨ ਇਹ ਲਾਂਘਾ ਬੰਦ ਕਰ ਦਿੱਤਾ ਗਿਆ ਸੀ । ਉਸ ਤੋਂ ਬਾਅਦ ਸਿੱਖ ਸਰਧਾਲੂਆਂ ਦੇ ਗੁਰਪੁਰਬਾਂ ਉੱਪਰ ਪਹਿਲਾਂ ਦੀ ਤਰ੍ਹਾਂ ਪਕਿਸਤਾਨ ਵਿਚਲੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਲਈ ਵੀਜ਼ੇ ਦੇ ਕੇ ਜੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਾਹੀਂ ਜਾਣ ਲੱਗ ਪਏ ਜੋ ਕਾਫੀ ਦਿਨ ਉੱਧਰ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਉਂਦੇ ਹਨ ਪਰ ਕਰਤਾਰਪੁਰ ਸਾਹਿਬ ਲਾਂਘਾ ਜੋ ਇੱਕ ਦਿਨ ਲਈ ਸੀਮਤ ਸਮੇਂ ਲਈ ਕੋਰੀਡੋਰ ਅੰਦਰ ਜਾ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਸਿੱਖ ਸਰਧਾਲੂਆਂ ਨੂੰ ਸਹੂਲਤ ਦਿੱਤੀ ਗਈ ਸੀ ਕੇਂਦਰ ਸਰਕਾਰ ਕਿਉਂ ਨਹੀਂ ਖੋਲ੍ਹ ਰਹੀ । ਸਿੱਖ ਸੰਸਥਾਵਾਂ ਖਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਇਸ ਕੌਰੀਡੋਰ ਨੂੰ ਖੁਲਵਾਉਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ । ਕਰੋੜਾਂ ਰੁਪਏ ਦੀ ਲਾਗਤ ਨਾਲ ਇਹ ਕੋਰੀਡੋਰ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੇ ਸਿੱਖ ਸਰਧਾਲੂਆਂ ਦੀਆਂ ਚਿਰਾਂ ਤੋਂ ਗੁਰੂ ਸਾਹਿਬ ਦੇ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਖੁੱਲ੍ਹੇ ਦਰਸ਼ਨ ਦੀਦਾਰ ਕਰਨ ਦੀ ਮੰਗ ਨੂੰ ਪੂਰਾ ਕੀਤਾ ਸੀ । ਅਰਦਾਸ ਵਿੱਚ ਹਰ ਸਿੱਖ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਾਂ ਲਈ ਹਰ ਰੋਜ਼ ਅਰਜੋਈ ਕਰਦਾ ਹੈ । ਇਸ ਕੋਰੀਡੋਰ ਬੰਦ ਹੋਣ ਨਾਲ ਬਹੁਤ ਸਾਰੇ ਸਰਧਾਲੂਆਂ ਦੇ ਮਨਾਂ ਵਿੱਚ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਜਾਣ ਦੀ ਖਾਹਿਸ਼ ਅਧੂਰੀ ਰਹਿ ਗਈ ਹੈ ।ਜੇਕਰ ਵੱਡੀ ਗਿਣਤੀ ਵਿੱਚ ਸਿੱਖ ਸਰਧਾਲੂਆਂ ਨੂੰ ਪਕਿਸਤਾਨ ਅੰਦਰ ਜਾਣ ਲਈ ਵੀਜ਼ੇ ਜਾਰੀ ਕਰਕੇ ਆਗਆ ਦਿੱਤੀ ਜਾ ਸਕਦੀ ਹੈ ਤਾਂ ਇਸ ਕੋਰੀਡੋਰ ਰਾਹੀਂ ਕੁਝ ਘੰਟਿਆਂ ਲਈ ਦੋਵਾਂ ਦੇਸ਼ਾ ਦੀ ਪੁਲਿਸ ਫੋਰਸ ਦੀ ਨਿਗਰਾਨੀ ਹੇਠ ਸਰਹੱਦ ਦੇ ਨਾਲ ਥੋੜੀ ਵਿੱਥ ਤੇ ਸਥਿਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਜਾਣ ਦੀ ਆਗਿਆ ਕਿਉਂ ਨਹੀਂ ? ਇਸ ਮਸਲੇ ਨੂੰ ਪੰਜਾਬ ਸਰਕਾਰ ਨੂੰ ਵੀ ਕੇਂਦਰ ਸਰਕਾਰ ਨਾਲ ਤਾਲ ਮੇਲ ਕਰਕੇ ਸਿੱਖ ਸਰਧਾਲੂਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਕੋਰੀਡੋਰ ਨੂੰ ਖੁਲਵਾਉਣ ਲਈ ਤਰਜੀਹ ਦੇਣੀ ਚਾਹੀਦੀ ਹੈ ।




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਅਕ੍ਰਿਤਘਣ

ਕਰਨੈਲ ਸਿੰਘ ਦੀ ਅਮਰੀਕਨ ਗਾਂ ਵਾਰ ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਨਵੇਂ ਦੁੱਧ ਨਹੀਂ ਹੋਈ,ਅੱਕੇ ਹੋਏ ਕਰਨੈਲ ਨੇ ਅੱਜ ਗਾਂ ਦਾ ਰੱਸਾ ਲਾਹ ਦਿੱਤਾ ਅਤੇ ਘਰ ਮੁੜ ਆਇਆ।ਘਰ ਪਹੁੰਚਿਆ ਹੀ ਸੀ ਕਿ ਉਸਦੇ ਕੰਨਾਂ ਵਿੱਚ ਆਵਾਜ਼ ਸੁਣਾਈਂ ਦਿੱਤੀ , ਅਕ੍ਰਿਤਘਣ ਉਹ ਹੁੰਦਾ ਹੈ ਜੋ ਕਿਸੇ ਦੀ ਕੀਤੀ ਨਹੀਂ ਜਾਣਦਾ, ਕਰਨੈਲ ਸਿੰਘ ਨੇ ਦੇਖਿਆ ਕਿ ਉਸਦੀ ਧੀ ਪੜ੍ਹ ਰਹੀ ਹੈ, ਅਚਾਨਕ ਕੰਨਾਂ ਵਿੱਚ ਵੱਜੇ ਅਕ੍ਰਿਤਘਣ ਸ਼ਬਦ ਨੇ ਉਸ ਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ।ਉਹ ਸੋਚ ਰਿਹਾ ਸੀ ਕਿ ਜਿਹੜੀ ਗਾਂ ਦਾ ਮੈਂ ਅੱਜ਼ ਰੱਸਾ ਲਾਹ ਕੇ ਆਇਆ ਉਸ ਨੇ ਸਾਨੂੰ ਅੱਠ ਸਾਲ ਦੁੱਧ ਪਿਆਇਆ, ਦੁੱਧ ਵੇਚ ਕੇ ਪੈਸੇ ਵੀ ਕਮਾਏ ਪ੍ਰੰਤੂ ਮੈ ਉਸ ਦੀ ਨੇਕੀ ਨਾ ਜਾਣ ਕੇ ਉਸ ਨੂੰ ਘਰੋਂ ਕੱਢ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿੱਤਾ।ਮਨ ਦੇ ਗੁੰਝਲਦਾਰ ਵਲਵਲਿਆਂ ਵਿੱਚ ਫਸਿਆ ਕਰਨੈਲ ਸਿੰਘ ਆਪਣੇ ਆਪ ਨੂੰ ਅਕ੍ਰਿਤਘਣ ਮਹਿਸੂਸ ਕਰ ਰਿਹਾ ਸੀ।



ਸਾਂਝੀ ਸੋਚ
ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

# ਚਾਅ ਜਨਮ ਦਿਹਾੜੇ ਦਾ

ਸਾਰਿਆਂ ਨੂੰ ਚਾਅ ਹੁੰਦਾ ਜਨਮ ਦਿਹਾੜੇ ਦਾ।
ਆ ਜਾਂਦਾ ਚੇਤਾ ਸਮੇਂ ਚੰਗੇ ਅਤੇ ਮਾੜੇ ਦਾ।
ਵੱਡਿਆਂ ਦਾ ਜਨਮ ਦਿਹਾੜਾ ਵੱਡਾ ਹੁੰਦਾ ਏ,
ਜਨਮ ਦਿਹਾੜਾ ਭਲਾ ਹੁੰਦਾ ਕਾਹਦਾ ਮਾੜੇ ਦਾ।
ਸੱਠਾਂ-ਸੱਤਰਾਂ ਤੋਂ ਬੰਦਾ ਜਦੋਂ ਟੱਪ ਜਾਂਦਾ ਏ,
ਮਿੱਤਰੋ ਸਰੀਰ ਉਦੋਂ ਹੋ ਜਾਂਦਾ ਭਾੜੇ ਦਾ।
ਰੁੱਖ਼ਸਤ ਦੁਨੀਆਂ ਤੋਂ ਛੇਤੀ ਹੀ ਹੋ ਜਾਂਦਾ ਏ,
ਭਰਿਆ ਹਮੇਸ਼ਾ ਬੰਦਾ ਰਹਿੰਦਾ ਜਿਹੜਾ ਸਾੜੇ ਦਾ।
ਸੁਣਿਆ ਮੈਂ ਬੰਦਾ ਉਹ ਉਮਰ ਲੰਬੀ ਭੋਗਦਾ,
ਹੁੰਦਾ ਏ ਸ਼ੌਕੀਨ ਜਿਹੜਾ ਇੱਕ-ਅੱਧੇ ਹਾੜੇ ਦਾ।
ਲੰਮਾ ਸਮਾਂ ਮੰਜੇ ਨਾਲ ਬੰਦਾ ਜਿਹੜਾ ਲੱਗ ਜਾਂਦਾ,
ਆਖਦੇ ਨੇ ਸਾਰੇ ਹੁਣ ਘਰ ਇਹ ਉਜਾੜੇ ਦਾ।
ਉਸਦਾ ਬੁਢਾਪਾ ਕਹਿੰਦੇ ਬੜਾ ਔਖਾ ਲੰਘਦਾ,
ਮੱਲ ਜਿਹੜਾ ਪਹਿਲਾਂ ਰਿਹਾ ਹੁੰਦਾ ਏ ਅਖਾੜੇ ਦਾ।
ਹੱਸ ਖੇਡ 'ਨਾਗਰਾ' ਲੰਘਾ ਲੈ ਰਹਿੰਦੀ ਜਿੰਦਗੀ,
ਲੱਗਦਾ ਨ੍ਹੀਂ ਪਤਾ ਹੁੰਦਾ ਵਕਤ ਆਏ ਮਾੜੇ ਦਾ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

## ਅੰਗ 193

ਗਉੜੀ ਮਹਲਾ ੫ ॥

ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥ ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥ ਪਾਰਬ੍ਰਹਮ ਪੂਰਨ ਜਨ ਓਟ ॥ ਤੇਰੀ ਸਰਣਿ ਉਧਰਹਿ ਜਨ ਕੋਟਿ ॥੧॥ ਰਹਾਉ ॥ ਜੇਤੇ ਜੀਅ ਤੇਤੇ ਸਭਿ ਤੇਰੇ ॥ ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥ ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥ ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥ {ਪੰਨਾ 193}

ਭਾਵ ਅਰਥ:-

ਹੇ ਮੇਰੇ ਅਕਾਲ ਪੁਰਖ! ਤੂੰ ਹੀ ਸਭ ਕੁਝ ਕਰਨ ਕਰਾਵਣਹਾਰ ਤੇ ਮੇਰਾ ਮਾਲਕ ਹੈਂ ,ਤੇ ਤੂੰ ਹੀ ਹਰ ਜੀਵ ਜੰਤੂ ਪ੍ਰਾਣੀ ਦੇ ਦਿਲਾਂ ਦੀਆਂ ਜਾਣਦਾ ਹੈਂ॥੧॥

ਹੇ ਮੇਰੇ ਪਾਰਬ੍ਰਹਮ ਪਰਮੇਸ਼ਵਰ ! ਤੂੰ ਹਰ ਜੀਵ ਦਾ ਆਧਾਰ ਟੇਕ ਹੈਂ ,ਤੇਰੀ ਸਰਨ ਕੋਟੀ ਕੋਟੀ ਜੀਵ ਪਹੁੰਚ ਕਿ ਆਪਣੇ ਆਪ ਦੇ ਪਾਪਾਂ ਦਾ ਨਿਵਾਰਨ ਕਰਵਾ ਲੈਂਦੇ ਹਨ॥੧॥ ਰਹਾਉ॥

ਸਾਰੀ ਸ੍ਰਿਸ਼ਟੀ ਵਿੱਚ ਜਿੰਨੇ ਵੀ ਜੀਵ ਹਨ, ਉਹ ਸਭ ਤੇਰੇ ਪੈਦਾ ਕੀਤੇ ਹਨ ਤੇ ਤੇਰੀ ਹੀ ਦਇਆ ਦ੍ਰਿਸ਼ਟੀ ਨਾਲ ਉਹਨਾਂ ਨੂੰ ਸੁਖ ਸਾਧਨ ਮਿਲਦੇ ਹਨ॥੨

ਜੋ ਕੁਛ ਵੀ ਹੁੰਦਾ ਹੈ , ਵਰਤਦਾ ਹੈ ਉਹ ਤੇਰੇ ਭਾਣੇ ਵਿੱਚ ਹੈ ਤੇਰੇ ਹੁਕਮ ਨਾਲ ਹੀ ਹੋ ਰਿਹਾ ਹੈ ਤੇ ਜਿਹੜਾ ਜੀਵ ਤੇਰੇ ਇਸ ਹੁਕਮ ਨੂੰ ਸਮਝ ਲੈਂਦਾ ਹੈ, ਉਹ ਹੇ ਦਾਤਾ ! ਸਦਾ ਥਿਰ ਰਹਿਣ ਵਾਲੇ ਪ੍ਰਭੂ ! ਤੇਰੇ ਵਿੱਚ ਸਮਾ ਜਾਂਦਾ ਹੈ॥੩॥

ਹੇ ਨਾਨਕ! ਪ੍ਰਭੂ ਦੀ ਕਿਰਪਾ ਹੋ ਜਾਵੇ ਤਾਂ ਮੈਂ ਵੀ ਉਸ ਦੇ ਨਾਮ ਦਾ ਖਜਾਨਾ ਸਿਮਰਨਾ ਸ਼ੁਰੂ ਕਰ ਦਵਾਂ॥੪॥

ਗਉੜੀ ਮਹਲਾ ੫ ॥

ਤਾ ਕਾ ਦਰਸੁ ਪਾਈਐ ਵਡਭਾਗੀ ॥ ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥ ਜਾ ਕੈ ਹਰਿ ਵਸਿਆ ਮਨ ਮਾਹੀ ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ ਰਹਾਉ ॥ ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥ ਜਨ ਕੀ ਮਹਿਮਾ ਕਥੀ ਨ ਜਾਇ ॥ ਪਾਰਬ੍ਰਹਮੁ ਜਨੁ ਰਹਿਆ ਸਮਾਇ ॥੩॥ ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥ {ਪੰਨਾ 193}

ਭਾਵ ਅਰਥ:-

ਹੇ ਭਾਈ, ਅਜਿਹੇ ਪ੍ਰਭੂ ਦੇ ਚਿੰਤਕਾਂ ਦੇ ਦਰਸ਼ਨ ਦੀਦਾਰੇ ਵੱਡੇ ਭਾਗਾਂ ਨਾਲ ਹੀ ਮਿਲਦੇ ਹਨ, ਜਿਨਾਂ ਦੀ ਨੀਜ ਉਸ ਸੱਚੇ ਪਾਤਸ਼ਾਹ ਦੇ ਵਿੱਚ ਜੁੜ ਜਾਂਦੀ ਹੈ ਉਹਦੇ ਨਾਮ ਸਿਮਰਨ ਦੇ ਵਿੱਚ ਖੁਬ ਜਾਂਦੀ ਹੈ॥੧॥

ਜਿਸ ਮਨੁੱਖ ਦੇ ਹਿਰਦੇ ਵਿੱਚ ਪ੍ਰਭੂ ਪਰਮਾਤਮਾ ਦਾ ਵਾਸਾ ਹੋ ਗਿਆ, ਉਸ ਨੂੰ ਦੁੱਖ ਸੁਪਨੇ ਵਿੱਚ ਵੀ ਨਹੀਂ ਮਿਲਦਾ॥੧॥ ਰਹਾਉ॥

ਉਸ ਅਕਾਲ ਪੁਰਖ ਨੇ ਨਾਮ ਦੇ ਸਾਰੇ ਖਜ਼ਾਨੇ ਜੀਵ ਦੇ ਅੰਦਰ ਹੀ ਰੱਖੇ ਹਨ( ਜੇ ਉਹਨਾਂ ਨੂੰ ਸਹੀ ਰੂਪ ਵਿੱਚ ਵਰਤਿਆ ਜਾਵੇ ਤਾਂ ) ਹਰ ਤਰਾਂ ਦੇ ਪਾਪ ਦੁੱਖ ਦਲਿਦਰ ਜੀਵਨ ਵਿੱਚੋਂ ਦੂਰ ਹੋ ਜਾਂਦੇ ਹਨ॥੨॥

ਜਿਸ ਮਨੁੱਖ ਦੇ ਹਿਰਦੇ ਵਿੱਚ ਪ੍ਰਭੂ ਦਾ ਵਾਸਾ ਹੋ ਗਿਆ ਉਸ ਦੀ ਸ਼ੋਭਾ (ਭਾਵ ਉਸ ਦਾ ਨਾਮ ਦੂਰ ਦੂਰ ਤੱਕ ਫੈਲ ਜਾਂਦਾ ਹੈ)ਬਿਆਨ ਨਹੀਂ ਕੀਤੀ ਜਾ ਸਕਦੀ॥੩॥

ਨਾਨਕ ਦੀ ਪੰਜਵੀਂ ਜੋਤ ਫਰਮਾਉਂਦੇ ਹਨ, ਹੇ ਮੇਰੇ ਦਾਤਾ! ਮੇਰੇ ਤੇ ਕਿਰਪਾ ਕਰ ਅਤੇ ਆਪਣੇ ਦਾਸਾਂ ਦੀ ਚਰਨ ਧੂੜ ਮੈਨੂੰ ਦੇਅ ॥੪॥

ਗਉੜੀ ਮਹਲਾ ੫ ॥

ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਣ ਵਸੈ ਮਨਿ ਆਇ ॥੧॥ ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥ ਰੈਣਿ ਦਿਨਸੁ ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ ਨਿਰਮਲ ਮੰਤਾ ॥੨॥ ਛੋਡਿ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥ ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥ {ਪੰਨਾ 193}

ਭਾਵ ਅਰਥ:-

ਹੇ ਭਾਈ! ਉਸ ਨਿਰੰਕਾਰ ਆਕਾਰ ਦਾ ਨਾਮ ਜਪਣ ਨਾਲ ਤੇਰੇ ਉੱਤੋਂ ਹਰ ਤਰ੍ਹਾਂ ਦੀਆਂ ਬੁਰੀਆਂ ਆਤਮਾਵਾਂ ਭੱਜ ਜਾਣਗੀਆਂ ਅਤੇ ਤੇਰੇ ਮਨ ਅੰਦਰ ਲੋਕਾਈ ਦੀ ਭਲਾਈ ਵਾਲੀ ਚੰਗੀ ਸੋਚ ਆ ਜਾਏਗੀ॥੧॥

ਇਸ ਲਈ ਹੇ ਮੇਰੇ ਮਨਾ, ਉਸ ਇੱਕੋ ਹੀ ਪ੍ਰਭੂ ਦੇ ਨਾਮ ਨਾਲ ਜੁੜ ਜਾ ਉਸੇ ਨੇ ਹੀ ਤੇਰੇ ਕੰਮ ਆਉਣਾ ਹੈ॥੧॥ ਰਹਾਉ॥

ਪੂਰਨ ਗੁਰੂ ਦਾ ਇੱਕੋ ਹੀ ਮੰਤਰ ਹੈ ਕਿ ਦਿਨ ਰਾਤ ਲਗਾਤਾਰ ਉਸ ਅਕਾਲ ਪੁਰਖ ਦੇ ਨਾਮ ਵਿਚਾਰ ਵਿੱਚ ਲਗੇ ਰਹਿਣਾ ॥੨॥

ਬਾਕੀ ਸਾਰੇ ਉਪਾਓ ਛੱਡ ਕੇ ਸਿਰਫ ਇੱਕ ਪ੍ਰਭੂ ਦਾ ਆਸਰਾ ਤੱਕ, ਜਿਸ ਨਾਲ ਉਸ ਦੇ ਨਾਮ ਦਾ ਅੰਮ੍ਰਿਤ ਤੂੰ ਯਕੀਨੀ ਤੌਰ ਤੇ ਚੱਖ ਲਏਂਗਾ॥੩॥

ਹੇ ਨਾਨਕ! ਜਿਸ ਉੱਤੇ ਉਸ ਦਾਤੇ ਦੀ ਸਵੱਲੀ ਨਜ਼ਰ ਦਾ ਅਸਰ ਹੋ ਜਾਂਦਾ ਹੈ ,ਉਹ ਮੁਸ਼ਕਿਲ ਤੋਂ ਮੁਸ਼ਕਿਲ ਜੀਵਨ ਸਾਗਰ ਨੂੰ ਆਸਾਨੀ ਨਾਲ ਪਾਰ ਕਰ ਲੈਂਦਾ ਹੈ॥੪॥

ਗਉੜੀ ਮਹਲਾ ੫ ॥

ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥ ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ ਰਹਾਉ ॥ ਦੁਲਭ ਦੇਹ ਹੋਈ ਪਰਵਾਨੁ ॥ ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥ ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੩॥ ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥ {ਪੰਨਾ 193}

ਭਾਵ ਅਰਥ:-

ਪੂਰਨ ਗੁਰੂ ਦੀ ਆਗਿਆ ਵਿੱਚ ਰਹਿ ਕੇ ਜਿਹੜਾ ਮਨੁੱਖ ਉਸ ਅਕਾਲ ਪੁਰਖ ਪਰਮਾਤਮਾ ਦੇ ਚਰਨਾਂ ਨੂੰ ਧਿਆਉਂਦਾ ਹੈ, ਧਿਆਨ ਵਿੱਚ ਰੱਖਦਾ ਹੈ ਉਸ ਦਾ ਜੀਵਨ ਸਫਲ ਹੋ ਜਾਂਦਾ ਹੈ॥੧॥

ਹੇ ਮੇਰੇ ਭਾਈ! ਸਾਧ ਸੰਗਤ ਵਿੱਚ ਰਲਕੇ ਉਸ ਗੋਵਿੰਦ ਪ੍ਰਭੂ ਦੇ ਨਾਮ ਦੀ ਚਰਚਾ ਵਾਰਤਾ ਕਰਨਾ ਕਰ॥੧॥ ਰਹਾਉ॥

ਇਸ ਸੱਚੇ ਗੁਰੂ ਦੇ ਮਾਰਗ ਦਰਸ਼ਨ ਨਾਲ ਜਿਹੜੀ ਤੂੰ ਦੁਰਲਭ ਦੇਹ ਹਾਸਲ ਕੀਤੀ ਹੈ ਨਾਲ ਹੀ ਤੈਨੂੰ ਨਾਮ ਯਸ਼ ਵੀ ਮਿਲ ਜਾਏਗਾ॥੨॥

ਜੇ ਤੂੰ ਸਾਧੂ ਸੰਗਤ ਅਪਨਾਏਂਗਾ ਤਾਂ ਤੇਰੀ ਸ਼ਖਸ਼ੀਅਤ ਨੂੰ ਪੂਰਨਤਾ ਮਿਲਣ ਦੇ ਨਾਲ ਨਾਲ ਹਰ ਤਰ੍ਹਾਂ ਦੇ ਡਰ ਭੈ ਭਰਮ ਮਿਟ ਜਾਣਗੇ॥੩॥

ਦਾਸ ਨਾਨਕ ਫਰਮਾਉਂਦੇ ਹਨ! ਹੇ ਦਾਤਾ! ਜਦੋਂ ਮੈਂ ਤੇਰੀ ਸ਼ਰਨ ਚ ਆ ਗਿਆ ਹਾਂ ਤਾਂ ਮੈਨੂੰ ਤੇਰੀ ਬਣਾਈ ਹਰ ਰਚਨਾ ਵਿੱਚ ਤੂੰ ਹੀ ਤੂੰ ਦਿਖਦਾ ਹੈ॥੪॥

ਗਉੜੀ ਮਹਲਾ ੫ ॥

ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥ ਪਾਰਬ੍ਰਹਮ ਪੂਰਨ ਗੁਰਦੇਵ ॥ ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ ਰਹਾਉ ॥ ਚਰਨ ਕਮਲ ਹਿਰਦੈ ਉਰ ਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥ ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥ ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥ {ਪੰਨਾ 193}

ਭਾਵ ਅਰਥ:-

ਮੈਂ ਗੁਰੂ ਦੇ ਦਰਸ਼ਨ ਦੀਦਾਰਿਆਂ ਤੋਂ ਸਦਕੇ ਜਾਂਦਾ ਹਾਂ ਤੇ ਉਹਦੇ ਨਾਲ ਹੀ ਜੀਂਦਾ ਹਾਂ॥੧॥

ਹੇ ਪਾਰਬ੍ਰਹਮ , ਪਰਮੇਸ਼ਵਰ, ਸੰਪੂਰਨ ਗੁਰੂ ! ਮੇਰੇ ਉੱਤੇ ਕਿਰਪਾ ਕਰ ਤਾਂ ਜੋ ਮੈਂ ਤੇਰੀ ਸੇਵਾ ਵਿੱਚ ਜੁੜ ਸਕਾਂ॥੧॥ ਰਹਾਉ॥

ਕਿਰਪਾ ਕਰ ਤੇ ਮੈਂ ਆਪਣਾ ਮਨ ਤਨ ਧਨ ਸਭ ਕੁਝ ਤੇਰੇ ਚਰਨਾਂ ਵਿੱਚ ਅਰਪਿਤ ਕਰ ਦਵਾਂ। ਹੇ ਮੇਰੇ ਪ੍ਰਭੂ! ਮੇਰੇ ਪ੍ਰਾਣਾਂ ਦੇ ਆਧਾਰ ਟੇਕ॥੨॥

ਹੇ ਬੰਦਿਆ ,ਉਸ ਗੁਰੂ ਪਰਮੇਸ਼ਵਰ ਪ੍ਰਭੂ ਨੂੰ ਆਪਣੇ ਨੇੜੇ ਕਰਕੇ ਸਮਝਣਾ ਕਰ ਤਾਂ ਕਿ ਤੇਰਾ ਜੀਵਨ ਸਫਲਾ ਹੋ ਸਕੇ॥੩॥

ਹੇ ਨਾਨਕ! ਸਾਧ ਸੰਗਤ ਦੀ ਚਰਨ ਰੇਣੁਕਾ ਪ੍ਰਭੂ ਪਰਮਾਤਮਾ ਦੇ ਹੁਕਮ ਨਾਲ ਹੀ ਮਿਲ ਸਕਦੀ ਹੈ ਤਾਂ ਹੀ ਬੰਦਾ ਨਾਮ ਨਾਲ ਜੁੜਦਾ ਹੈ॥੪॥

## ਅੰਗ 194

ਗਉੜੀ ਮਹਲਾ ੫ ॥

ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥ ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥ ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥ ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥ {ਪੰਨਾ 194}

ਭਾਵ ਅਰਥ:-

ਹੇ ਮਨੁੱਖ , ਮਾੜੇ ਕਰਮ ਕਰਕੇ ਦਿਖਾਉਂਦਾ ਚੰਗੇ ਹੈਂ ਪਰ ਅਕਾਲ ਪੁਰਖ ਦੇ ਦਰਬਾਰ ਵਿੱਚ ਚੋਰ ਹੀ ਅਖਵਾਉਂਦਾ ਹੈਂ॥੧॥

ਜਿਹੜਾ ਰਾਮ ਪ੍ਰਭੂ ਦੇ ਰੰਗ ਚ ਰੰਗਿਆ ਗਿਆ, ਉਹ ਆਪ ਹੀ ਰਾਮ ਬਣ ਗਿਆ ਨਾਲੇ ਉਹ ਦਾਤਾਰ ਹਰ ਥਾਂ ਵਿਆਪਤ ਹੈ॥੧॥ ਰਹਾਉ॥

ਹੇ ਬੰਦਿਆ ! ਤੇਰੇ ਹਿਰਦੇ ਅੰਦਰ ਜਹਿਰ ਭਰਿਆ ਹੋਇਆ ਹੈ ,ਪਰ ਮੁੱਖ ਤੋਂ ਤੂੰ ਮਿੱਠੇ ਬਚਨ ਬੋਲਦਾ ਹੈਂ, ਇਸ ਤਰਾਂ ਜਮਪੁਰੀ ਵਿੱਚ ਬੰਨਿਆ ਹੋਇਆ ਜਾਏਂਗਾ ਤੇ ਸਜਾ ਪਾਏਂਗਾ॥੨॥

ਭਾਵੇਂ ਕਈਆਂ ਪਰਦਿਆਂ ਦੇ ਪਿੱਛੇ ਤੂੰ ਕੂੜ ਕਮਾਉਂਦਾ ਹੈ ਪਰ ਸੰਸਾਰ ਵਿੱਚ ਜਾਹਿਰ ਹੋਣ ਲੱਗਿਆਂ ਦੇਰ ਨਹੀਂ ਲੱਗਦੀ॥੩॥

ਜਿਸ ਜੀਵ ਦੇ ਅੰਦਰ ਅਤੇ ਬਾਹਰ ਉਸ ਸਦਾ ਥਿਰ ਪ੍ਰਭੂ ਦੇ ਨਾਮ ਦਾ ਵਾਸਾ ਹੋ ਗਿਆ ਉਸ ਉੱਤੇ ਉਹ ਅਕਾਲ ਪੁਰਖ ਆਪ ਹੀ ਕਿਰਪਾ ਕਰ ਦਿੰਦਾ ਹੈ॥੪॥

ਗਉੜੀ ਮਹਲਾ ੫ ॥

ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥ ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ ॥ ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥੨॥ ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥ ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥ {ਪੰਨਾ 194}

ਭਾਵ ਅਰਥ:--

ਜਿਸ ਪ੍ਰਾਣੀ ਨੂੰ ਸੱਚੇ ਗੁਰੂ ਦਾ ਮਾਰਗ ਦਰਸ਼ਨ ਮਿਲਿਆ ਹੋਵੇ ਤੇ ਉਹ ਨਾਮ ਨਾਲ ਜੁੜਿਆ ਹੋਵੇ ਉਸ ਦੇ ਹਿਰਦੇ ਉੱਤੋਂ ਉਸ ਅਕਾਲ ਪੁਰਖ ਦੇ ਨਾਮ ਦਾ ਰੰਗ ਕਦੇ ਨਹੀਂ ਉਤਰਦਾ॥੧॥

ਜਿਸ ਦਾ ਮਨ ਸੱਚਾ ਹੈ, ਉਹ ਹਰੀ ਪ੍ਰਭੂ ਦੇ ਪੱਕੇ ਲਾਲ ਰੰਗ ਵਿੱਚ ਰੰਗਿਆ ਜਾਂਦਾ ਹੈ, ਜਿਹੜਾ ਕਿ ਉਸ ਪੂਰਨ ਪੁਰਖ ਕਰਤਾਰ ਦਾ ਰੰਗ ਹੈ॥੧॥ ਰਹਾਉ॥

(ਇਸ ਦਾ ਇੱਕ ਹੋਰ ਤਰੀਕਾ ਵੀ ਹੈ) ਕਿ ਸਾਧੂ ਸੰਗਤ ਵਿੱਚ ਰਲ ਕੇ ਉਸ ਅਕਾਲ ਪੁਰਖ ਦਾ ਨਾਮ ਜਪਣ ਨਾਲ, ਉਹਦੇ ਨਾਮ ਦਾ ਰੰਗ ਪੱਕਾ ਰਹਿੰਦਾ ਹੈ॥੨॥

ਹੇ ਬੰਦੇ, ਦੂਜੇ ਭਾਵਾਂ(ਮਾਇਆ ਮੋਹ) ਦੇ ਸਾਰੇ ਰੰਗ ਫਿੱਕੇ ਹਨ ਤੇ ਸੱਚਾ ਰੰਗ ਅਕਾਲ ਪੁਰਖ ਦੇ ਨਾਮ ਦਾ ਹੀ ਇੱਕ ਪੱਕਾ ਰੰਗ ਹੈ॥੩॥

ਹੇ ਨਾਨਕ! ਇਹ ਪੱਕਾ ਰੰਗ ਤਾਂ ਹੀ ਚੜਦਾ ਹੈ ਜੇ ਗੁਰੂ ਦੀ ਬਖਸ਼ਿਸ਼ ਬੰਦੇ ਉੱਤੇ ਹੋ ਜਾਵੇ ਤਾਂ ਹੀ ਬੰਦੇ ਨੂੰ ਪਰਮਾਤਮਾ ਦੀ ਕਿਰਪਾ ਵੀ ਮਿਲਦੀ ਹੈ॥੪॥

ਗਉੜੀ ਮਹਲਾ ੫ ॥

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥੧॥ ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ ਰਹਾਉ ॥ ਸਾਧਸੰਗਿ ਕਛੁ ਭਉ ਨ ਭਰਾਤੀ ॥ ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥ ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥ ਕਹੁ ਨਾਨਕ ਮਨਿ ਭਈ ਪਰਤੀਤਿ ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥ {ਪੰਨਾ 194}

ਭਾਵ ਅਰਥ:

ਉਸ ਪਰਿਪੂਰਨ ਪਰਮਾਤਮਾ ਦਾ ਨਾਮ ਜਪਣ ਨਾਲ ਸਾਰੀ ਤਰ੍ਹਾਂ ਦੇ ਦੁੱਖ ਤੇ ਪਾਪ ਭੱਜ ਜਾਂਦੇ ਹਨ ਤੇ ਉਹਨਾਂ ਦੀ ਥਾਂ ਸੁੱਖ ਤੇ ਆਨੰਦ ਆ ਨਿਵਾਸ ਕਰਦਾ ਹੈ॥੧॥

ਜਿਹੜੇ ਪ੍ਰਾਣੀ ਪਰਮਾਤਮਾ ਵਿੱਚ ਭਰੋਸਾ ਰੱਖਦੇ ਹਨ, ਉਹਨਾਂ ਨੂੰ ਨਾਮ ਸਿਮਰਨ ਕਾਰਨ ਕਿਸੇ ਤਰ੍ਹਾਂ ਦਾ ਕੋਈ ਅੰਦੇਸ਼ਾ ਸ਼ੱਕ ਸੁਬਹਾ ਨਹੀਂ ਰਹਿ ਜਾਂਦਾ॥੧॥ ਰਹਾਉ॥

ਸਾਧ ਸੰਗਤ ਕਰਨ ਨਾਲ ਮਨ ਦੇ ਅੰਦਰ ਕਿਸੇ ਤਰ੍ਹਾਂ ਦੀ ਕੋਈ ਭਟਕਣਾ ਨਹੀਂ ਰਹਿ ਜਾਂਦੀ ਅਤੇ ਦਿਨ ਰਾਤ ਉਸ ਪ੍ਰਭੂ ਦਾ ਸਿਮਰਨ ਹਿਰਦੇ ਅੰਦਰ ਚਲਦਾ ਰਹਿੰਦਾ ਹੈ॥੨॥

ਜਦੋਂ ਉਸ ਦਾਤੇ ਦੇ ਚਰਨ ਕਮਲਾਂ ਵਿੱਚ ਜਗ੍ਹਾ ਮਿਲ ਜਾਂਦੀ ਹੈ ਤਾਂ ਉਸਦੀ ਭਰਪੂਰ ਕਿਰਪਾ ਹੋ ਜਾਂਦੀ ਹੈ ਤੇ ਹਰ ਤਰਾਂ ਦੇ ਵਿਕਾਰਾਂ ਪਾਪਾ ਦੇ ਬੰਧਨ ਖੁੱਲ ਜਾਂਦੇ ਹਨ॥੩॥

ਹੇ ਨਾਨਕ! ਜਦੋਂ ਮਨੁੱਖ ਦਾ ਉਸ ਸਾਰੰਗਪਾਣੀ ਉੱਤੇ ਭਰੋਸਾ ਕਾਇਮ ਹੋ ਜਾਂਦਾ ਹੈ ਤਾਂ ਉਸ ਨੂੰ ਪਵਿੱਤਰ ਯਸ਼ ਮਾਨ ਦੀ ਪ੍ਰਾਪਤੀ ਦਾ ਅੰਮ੍ਰਿਤ ਪੀਣ ਨੂੰ ਮਿਲ ਜਾਂਦਾ ਹੈ॥੪॥

ਗਉੜੀ ਮਹਲਾ ੫ ॥

ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥ ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥ ਜਾ ਕਉ ਭਏ ਕ੍ਰਿਪਾਲ ਗੁਸਾਈ ॥ ਸੇ ਜਨ ਲਾਗੇ ਗੁਰ ਕੀ ਪਾਈ ॥੨॥ ਸੂਖ ਸਹਜ ਸਾਂਤਿ ਆਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੩॥ ਨਾਮ ਰਾਸਿ ਸਾਧ ਸੰਗਿ ਖਾਟੀ ॥ ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥ {ਪੰਨਾ 194}

ਭਾਵ ਅਰਥ:-

ਜਿਸ ਜੀਵ ਦਾ ਧਿਆਨ ਪ੍ਰਭੂ ਤੇ ਚਰਨ ਕਮਲਾਂ ਵਿੱਚ ਲੱਗ ਗਿਆ ਸਮਝੋ ਉਸਦੇ ਸਾਰੇ ਦੁੱਖ ਭਰਮ ਭੁਲੇਖੇ ਦੂਰ ਭੱਜ ਜਾਂਦੇ ਹਨ॥੧॥

ਉਹੀ ਮਨੁੱਖ ਹਰਿ ਪ੍ਰਭੂ ਦੇ ਨਾਮ ਦਾ ਸੱਚ ਵਪਾਰੀ ਹੈ, ਜਿਹੜਾ ਉਸ ਦਾ ਨਾਮ ਜਪਦਾ ਹੈ ਅਤੇ ਉਸ ਨੂੰ ਫਿਰ ਉਹ ਨਿਰੰਜਨ ਨਿਰੰਕਾਰ ਪ੍ਰਭੂ ਆਪ ਇਜਤ ਮਾਨ ਬਖਸ਼ ਕੇ ਸੂਰਮਾ ਬਣਾ ਦਿੰਦਾ ਹੈ॥੧॥ ਰਹਾਉ॥

ਜਿਸ ਮਨੁੱਖ ਉੱਤੇ ਉਹ ਦਾਤਾਰ ਮਿਹਰਬਾਨ ਹੋ ਜਾਂਦਾ ਹੈ, ਉਸ ਨੂੰ ਹੀ ਉਸ ਪ੍ਰਭੂ ਦੇ ਚਰਨ ਕਮਲਾਂ ਵਿੱਚ ਜਗ੍ਹਾ ਮਿਲਦੀ ਹੈ॥੨॥

ਨਾਮ ਸਿਮਰਨ ਵਾਲੇ ਜੀਵ ਨੂੰ ਸੁਖ ਸ਼ਾਂਤੀ ਮਨ ਦਾ ਆਨੰਦ ਸ਼ਾਂਤੀ ਅਤੇ ਸਹਜ ਅਡੋਲਤਾ ਜਿਹੜੀਆਂ ਨਿਆਮਤਾਂ, ਉਹ ਪਰਮਾਨੰਦ ਪ੍ਰਭ ਆਪ ਬਖਸ਼ਿਸ਼ ਕਰਦਾ ਹੈ॥੩॥

ਹੇ ਨਾਨਕ ! ਜਦੋਂ ਸਾਧ ਸੰਗਤ ਤੋਂ ਨਾਮ ਦੀ ਰਾਸ ਪੂੰਜੀ ਬੰਦਾ ਕਮਾ ਲੈਂਦਾ ਹੈ ਤਾਂ ਹਰ ਤਰ੍ਹਾਂ ਦੀਆਂ ਮੁਸੀਬਤਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ॥੪॥

ਗਉੜੀ ਮਹਲਾ ੫ ॥

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥ ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥ ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥ ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥ {ਪੰਨਾ 194}

ਭਾਵ ਅਰਥ:-

ਜਦੋਂ ਬੰਦਾ ਉਸ ਗੋਬਿੰਦ ਪ੍ਰਭੂ ਦੇ ਨਾਮ ਨਾਲ ਲਗਨ ਲਾ ਲੈਂਦਾ ਹੈ ਤਾਂ ਉਸਦੇ ਚਰਨ ਕਮਲ ਹਿਰਦੇ ਅੰਦਰ ਸਦਾ ਲਈ ਵੱਸ ਜਾਂਦੇ ਹਨ॥੧॥

ਲੱਖਾਂ ਵਾਰੀ ਉਸ ਹਰਿ ਪ੍ਰਭੂ ਦਾ ਨਾਮ ਜਪਣ ਨਾਲ ਉਹ ਦਾਤਾ ਆਪਣੇ ਪਿਆਰ ਦਾ ਰਸ ਆਪ ਹੀ ਪ੍ਰਦਾਨ ਕਰ ਦਿੰਦਾ ਹੈ॥੧॥ ਰਹਾਉ॥

ਉਸ ਪਰਮਾਨੰਦ ਪ੍ਰਭੂ ਦਾ ਲਗਾਤਾਰ ਸਿਮਰਨ ਬੰਦਗੀ ਕਰਨ ਨਾਲ ਬੰਦਾ ਸੁਖ ਸਹਜ ਅਡੋਲਤਾ ਅਤੇ ਅਨੰਦ ਵਿੱਚ ਰਹਿੰਦਾ ਹੈ॥੨॥

ਸਾਧੂ ਜਨਾ ਦਾ ਸਾਥ ਹਰ ਤਰਾਂ ਦੇ ਵਿਕਾਰਾਂ ਦਾ ਨਾਸ਼ ਕਰਦਾ ਹੈ ਤੇ ਬੰਦੇ ਦੀ ਮਾਨਸਿਕਤਾ ਨੂੰ ਪਵਿੱਤਰ ਕਰ ਦਿੰਦਾ ਹੈ॥੩॥

ਹੇ ਨਾਨਕ ! ਮੇਰੇ ਉੱਤੇ ਦਇਆ ਦ੍ਰਿਸ਼ਟੀ ਰੱਖੋ ਅਤੇ ਸਾਧਾਂ ਦੀ ਸੰਗਤ ਦਿਓ॥੪॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894